## SIMPLIFIED MATERIAL (2025-26)
## ਸ਼੍ਰੇਣੀ: 6th ਵਿਸ਼ਾ: ਸਮਾਜਿਕ ਵਿਗਿਆਨ

### ਭਾਗ-ੳ (ਭੂਗੋਲ)

**ਬਹੁ-ਵਿਕਲਪੀ ਪ੍ਰਸ਼ਨ:-**

1. **ਕਿਹੜਾ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਹੈ?**

**(ੳ) ਬੁੱਧ** (ਅ) ਸ਼ਨੀ (ੲ) ਧਰਤੀ (ਸ) ਮੰਗਲ

2. **ਪ੍ਰਿਥਵੀ ਨੂੰ ਸੂਰਜ ਦੁਆਲੇ ਪਰਿਕਰਮਾ ਕਰਨ ਵਿੱਚ ਕਿੰਨ੍ਹਾ ਸਮਾਂ ਲੱਗਦਾ ਹੈ?**

(ੳ) 365 ਦਿਨ **(ਅ) 365 ਦਿਨ 6 ਘੰਟੇ** (ੲ) 366 ਦਿਨ (ਸ) 88 ਦਿਨ

3. **ਚੰਨ ਪ੍ਰਿਥਵੀ ਦੀ ਪਰਿਕਰਮਾ ਕਿੰਨ੍ਹੇ ਦਿਨਾਂ ਵਿੱਚ ਪੂਰੀ ਕਰਦਾ ਹੈ?**

(ੳ) 88 ਦਿਨ **(ਅ) 27 ਦਿਨ 5 ਘੰਟੇ** (ੲ) 28 ਦਿਨ (ਸ) 27 ਦਿਨ

4. **ਚੰਨ ਧਰਤੀ ਤੋਂ ਕਿੰਨ੍ਹਾ ਦੂਰ ਹੈ?**

(ੳ) 380,000 ਕਿਲੋਮੀਟਰ **(ਅ) 384,400 ਕਿਲੋਮੀਟਰ**
(ੲ) 312,103 ਕਿਲੋਮੀਟਰ (ਸ) 348,780 ਕਿਲੋਮੀਟਰ

5. **ਧਰਤੀ ਦਾ ਘੇਰਾ ਕਿੰਨ੍ਹਾ ਹੈ?**

(ੳ) ਲਗਪਗ 30,000 ਕਿਲੋਮੀਟਰ **(ਅ) ਲਗਪਗ 40,000 ਕਿਲੋਮੀਟਰ**
(ੲ) ਲਗਪਗ 50,000 ਕਿਲੋਮੀਟਰ (ਸ) ਲਗਪਗ 60,000 ਕਿਲੋਮੀਟਰ

6. **ਹੇਠ ਲਿਖਿਆਂ ਵਿੱਚੋਂ ਕਿਹੜਾ ਸਾਲ ਲੀਪ ਦਾ ਹੈ?**

(ੳ) 2018 (ਅ) 2011 **(ੲ) 2020** (ਸ) 2001

7. **25 ਦਸੰਬਰ ਨੂੰ ਉੱਤਰੀ ਅਰਧ ਗੋਲੇ ਵਿੱਚ ਕਿਹੜੀ ਰੁੱਤ ਹੁੰਦੀ ਹੈ?**

ੳ) ਗਰਮੀ ਦੀ ਰੁੱਤ **(ਅ) ਸਰਦੀ ਦੀ ਰੁੱਤ** (ੲ) ਬਸੰਤ ਦੀ ਰੁੱਤ (ਸ) ਪੱਤਝੜ ਦੀ ਰੁੱਤ

8. ਸਾਰੇ ਸੰਸਾਰ ਵਿੱਚ ਦਿਨ ਅਤੇ ਰਾਤ ਦੀ ਲੰਬਾਈ ਕਿਸ ਦਿਨ ਲਗਭਗ ਬਰਾਬਰ ਹੁੰਦੀ ਹੈ?

**(ੳ) 21 ਮਾਰਚ ਅਤੇ 23 ਸਤੰਬਰ** (ਅ) 21 ਜੂਨ ਅਤੇ 22 ਦਸੰਬਰ
(ੲ) 25 ਦਸੰਬਰ ਅਤੇ 21 ਮਾਰਚ (ਸ) 21 ਜੂਨ ਅਤੇ 25 ਦਸੰਬਰ

9. **21 ਜੂਨ ਨੂੰ ਸੂਰਜ ਕਰਕ ਰੇਖਾ 'ਤੇ ਸਿੱਧਾ ਚਮਕਦਾ ਹੈ, ਜਿਸ ਨੂੰ ___________ ਕਿਹਾ ਜਾਂਦਾ ਹੈ?**

**(ੳ) ਊਸ਼ਣ ਅਯਨਾਂਤ** (ਅ) ਸ਼ੀਤ ਅਯਨਾਂਤ
(ੲ) ਬਸੰਤ ਵਿਸੁਵੀ (ਸ) ਪੱਤਝੜ ਵਿਸੁਵੀ

10. **ਧਰਤੀ ਦੀ ਕਿਹੜੀ ਗਤੀ ਕਰਕੇ ਹਵਾਵਾਂ ਚੱਲਣ ਵੇਲੇ ਆਪਣੇ ਸੱਜੇ ਜਾਂ ਖੱਬੇ ਪਾਸੇ ਵੱਲ ਝੁੱਕਦੀਆਂ ਹਨ?**

**(ੳ) ਦੈਨਿਕ ਗਤੀ** (ਅ) ਵਾਰਸ਼ਿਕ ਗਤੀ
(ੲ) ਦੋਨੋਂ 'ੳ' ਅਤੇ 'ਅ' (ਸ) ਇਹਨਾਂ ਵਿੱਚੋਂ ਕੋਈ ਨਹੀਂ

11. **ਗਲੋਬ ਧਰਤੀ ਦਾ ਬਿਲਕੁਲ ਸਹੀ ਮਾਡਲ ਹੈ ਅਤੇ ਇੱਕ ______ ਮਾਡਲ ਹੈ।**

(ੳ) ਦੋ-ਪਾਸੀ **(ਅ) ਤ੍ਰੈ-ਪਾਸੀ**
(ੲ) ਇੱਕ-ਪਾਸੀ (ਸ) ਢੁੱਕਵਾਂ

12. **ਕਿਸਦੀ ਸਹਾਇਤਾ ਨਾਲ ਅਸੀਂ ਕਿਸੇ ਸਥਾਨ ਦਾ ਸਥਾਨਕ ਸਮਾਂ ਕੱਢ ਸਕਦੇ ਹਾਂ?**

(ੳ) ਅਕਸ਼ਾਂਸ ਰੇਖਾਵਾਂ **(ਅ) ਦੇਸ਼ਾਂਤਰ ਰੇਖਾਵਾਂ**
(ੲ) ਗਲੋਬ (ਸ) ਨਕਸ਼ੇ

13. **0 ਡਿਗਰੀ ਤੋਂ 23½ $^0$ ਦੱਖਣ ਵੱਲ ਖਿੱਚੇ ਅਕਸ਼ਾਂਸ਼ ਨੂੰ ਕਿਹੜੀ ਰੇਖਾ ਆਖਦੇ ਹਨ?**

**(ੳ) ਮਕਰ ਰੇਖਾ** (ਅ) ਭੂ-ਮੱਧ ਰੇਖਾ
(ੲ) ਕਰਕ ਰੇਖਾ (ਸ) ਇਹਨਾਂ 'ਚੋਂ ਕੋਈ ਨਹੀਂ

**14. ਗਲੋਬ ਉੱਪਰ ਲੰਬਕਾਰਾਂ ਦੀ ਕੁੱਲ ਗਿਣਤੀ ਕਿੰਨ੍ਹੀ ਹੈ?**

(ੳ) 180 (ਅ) 181 (ੲ) 90 **(ਸ) 360**

**15. ਆਸਟ੍ਰੇਲੀਆ ਦੇ ਵਿਚਕਾਰੋਂ ਕਿਹੜੀ ਅਕਸ਼ਾਂਸ ਰੇਖਾ ਗੁਜ਼ਰਦੀ ਹੈ?**

(ੳ) ਕਰਕ ਰੇਖਾ (ਅ) ਭੂ-ਮੱਧ ਰੇਖਾ

**(ੲ) ਮਕਰ ਰੇਖਾ** (ਸ) ਇਹਨਾਂ ਵਿੱਚੋਂ ਕੋਈ ਨਹੀਂ

**16. ਜੋ ਨਕਸ਼ੇ ਕਿਸੇ ਦੇਸ਼ ਦੇ ਪਹਾੜ, ਪਠਾਰਾਂ ਅਤੇ ਮੈਦਾਨਾਂ ਬਾਰੇ ਜਾਣਕਾਰੀ ਦਿੰਦੇ ਹਨ, ਉਹਨਾਂ ਨੂੰ ਕੀ ਕਹਿੰਦੇ ਹਨ?**

**(ੳ) ਭੌਤਿਕ ਨਕਸ਼ੇ** (ਅ) ਇਤਿਹਾਸਿਕ ਨਕਸ਼ੇ

(ੲ) ਵੰਡ ਸੰਬੰਧੀ ਨਕਸ਼ੇ (ਸ) ਐਟਲਸ

**17. ਨਕਸ਼ੇ ਉੱਤੇ ਅੰਤਰ-ਰਾਸ਼ਟਰੀ ਹੱਦ ਨੂੰ ਕਿਹੜੇ ਪ੍ਰਮਾਣਿਕ ਚਿੰਨ੍ਹਾਂ ਦੁਆਰਾ ਦਰਸਾਇਆ ਜਾਂਦਾ ਹੈ?**

**(ੳ) –•–•–•–•–•** (ਅ) = = = = = = = = = = =

(ੲ) ______I______I __ (ਸ) + + + + + + + + + + +

**18. ਕਿਸੇ ਪ੍ਰਾਂਤ ਦੀ ਰਾਜਧਾਨੀ ਜਾਂ ਕੇਂਦਰ ਸਾਸ਼ਤ ਪ੍ਰਦੇਸ਼ ਨੂੰ ਕਿਹੜੇ ਪ੍ਰਮਾਣਿਕ ਚਿੰਨ੍ਹਾਂ ਦੁਆਰਾ ਦਰਸਾਇਆ ਜਾਂਦਾ ਹੈ?**

**(ੳ) ●** (ਅ) ⦂ (ੲ) ® (ਸ) ΩΩ

**19. ਵੱਖ-ਵੱਖ ਫਸਲਾਂ, ਖਣਿਜਾਂ ਅਤੇ ਜਨਸੰਖਿਆ ਆਦਿ ਨੂੰ ਦਰਸਾਉਂਦੇ ਨਕਸ਼ੇ ਕੀ ਕਹਾਉਂਦੇ ਹਨ?**

(ੳ) ਭੌਤਿਕ ਨਕਸ਼ੇ (ਅ) ਇਤਿਹਾਸਕ ਨਕਸ਼ੇ

**(ੲ) ਵੰਡ ਸਬੰਧੀ ਨਕਸ਼ੇ** (ਸ) ਐਟਲਸ ਨਕਸ਼ੇ

**20. ਹਰ ਨਕਸ਼ੇ ਦੇ ਉੱਪਰ ਵੱਲ ਕਿਹੜੀ ਦਿਸ਼ਾ ਦਰਸਾਈ ਜਾਂਦੀ ਹੈ?**

(ੳ) ਪੂਰਬ (ਅ) ਪੱਛਮ **(ੲ) ਉੱਤਰ** (ਸ) ਦੱਖਣ

**21. ਸੰਸਾਰ ਦੀ ਸਭ ਤੋਂ ਡੂੰਘੀ ਖਾਈ ਮੈਰੀਨਾ ਕਿਸ ਮਹਾਂਸਾਗਰ ਵਿੱਚ ਸਥਿੱਤ ਹੈ?**

(ੳ) ਹਿੰਦ ਮਹਾਂਸਾਗਰ (ਅ) ਅੰਧ ਮਹਾਂਸਾਗਰ

**(ੲ) ਸ਼ਾਂਤ ਮਹਾਂਸਾਗਰ** (ਸ) ਆਰਕਟਿਕ ਮਹਾਂਸਾਗਰ

**22. ਸੰਸਾਰ ਦੀ ਸਭ ਤੋਂ ਵੱਧ ਆਵਾਜਾਈ ਕਿਹੜੇ ਮਹਾਂਸਾਗਰ ਰਾਹੀਂ ਹੁੰਦੀ ਹੈ?**

(ੳ) ਹਿੰਦ ਮਹਾਂਸਾਗਰ **(ਅ)ਅੰਧ ਮਹਾਂਸਾਗਰ**

(ੲ) ਸ਼ਾਂਤ ਮਹਾਂਸਾਗਰ (ਸ)ਆਰਕਟਿਕ ਮਹਾਂਸਾਗਰ

**23. ਰਾਕੀ ਪਰਬਤ ਸ਼੍ਰੇਣੀ ਕਿਸ ਮਹਾਂਦੀਪ ਵਿੱਚ ਸਥਿੱਤ ਹੈ?**

(ੳ) ਦੱਖਣੀ ਅਮਰੀਕਾ **(ਅ) ਉੱਤਰੀ ਅਮਰੀਕਾ** (ੲ)ਏਸ਼ੀਆ (ਸ) ਆਸਟ੍ਰੇਲੀਆ

**24. ਕਿਸ ਥਲ ਰੂਪ ਦੀ ਸ਼ਕਲ ਮੇਜ਼ ਵਰਗੀ ਹੁੰਦੀ ਹੈ?**

(ੳ) ਮੈਦਾਨ (ਅ) ਪਹਾੜ (ੲ)ਦੀਪ **(ਸ) ਪਠਾਰ**

**25. ਅਫ਼ਰੀਕਾ ਮਹਾਂਦੀਪ ਵਿੱਚ ਕਿਹੜੀ ਪਰਬਤ ਸ਼੍ਰੇਣੀ ਹੈ?**

**(ੳ) ਐਟਲਸ** (ਅ) ਐਲਪਸ (ੲ)ਹਿਮਾਲਿਆ (ਸ) ਰਾਕੀ

**26. ਭਾਰਤ ਦੀ ਸਭ ਤੋਂ ਵੱਧ ਸਾਂਝੀ ਸਰਹੱਦ ਕਿਸ ਦੇਸ਼ ਨਾਲ ਹੈ?**

(ੳ) ਚੀਨ **(ਅ) ਬੰਗਲਾਦੇਸ਼** (ੲ) ਪਾਕਿਸਤਾਨ (ਸ) ਨੇਪਾਲ

**27. ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਊਂਟ ਐਵਰੈਸਟ ਕਿੰਨ੍ਹੀ ਉੱਚੀ ਹੈ?**

(ੳ) 8811 ਮੀਟਰ (ਅ) 8844 ਮੀਟਰ (ੲ) 8888 ਮੀਟਰ **(ਸ) 8848 ਮੀਟਰ**

**28. ਭਾਰਤ ਦੀ ਕਿੰਨ੍ਹੇ ਦੇਸ਼ਾਂ ਨਾਲ ਸਾਂਝੀ ਸਰਹੱਦ ਹੈ?**

**(ੳ) 7 ਦੇਸ਼** (ਅ) 8 ਦੇਸ਼ (ੲ) 9 ਦੇਸ਼ (ਸ) 10 ਦੇਸ਼

**29. ਅਕਾਰ ਅਨੁਸਾਰ ਭਾਰਤ ਦਾ ਸਭ ਤੋਂ ਵੱਡਾ ਰਾਜ ਕਿਹੜਾ ਹੈ?**

(ੳ) ਮਹਾਂਰਾਸ਼ਟਰ (ਅ) ਗੁਜਰਾਤ (ੲ) ਉੱਤਰ ਪ੍ਰਦੇਸ਼ **(ਸ) ਰਾਜਸਥਾਨ**

**30. ਅੰਡੇਮਾਨ ਦੀਪ ਸਮੂਹ ਵਿੱਚ ਕੁੱਲ ਕਿੰਨ੍ਹੇ ਦੀਪ ਹਨ ?**

(ੳ) 100 (ਅ) 102 **(ੲ) 120** (ਸ) 130

**ਇੱਕ ਅੰਕ ਵਾਲੇ ਪ੍ਰਸ਼ਨ: (ਖਾਲੀ ਥਾਵਾਂ ਭਰੋ)**

1. ਸਾਡੀ ਧਰਤੀ ਇੱਕ ਚਪਟਾ ਗੋਲਾ ਹੈ, ਇਸਨੂੰ **ਧਰਤ ਗੋਲਾ** ਆਖਦੇ ਹਨ।
2. ਧਰਤੀ ਦਾ ਘੇਰਾ ਲਗਪਗ **40,000** ਕਿਲੋਮੀਟਰ ਹੈ।
3. ਧਰਤੀ ਦਾ ਭੂ-ਮੱਧ ਰੇਖਾ ਤੇ ਵਿਆਸ **12756** ਕਿਲੋਮੀਟਰ ਹੈ ਅਤੇ ਧਰੁਵਾਂ ਵੱਲੋਂ ਧਰਤੀ ਦਾ ਵਿਆਸ **12712** ਕਿਲੋਮੀਟਰ ਹੈ।
4. ਧਰਤੀ **ਪੱਛਮ** ਦਿਸ਼ਾ ਤੋਂ **ਪੂਰਬ** ਦਿਸ਼ਾ ਵੱਲ ਘੁੰਮਦੀ ਹੈ।
5. **ਧੁਰਾ** ਇੱਕ ਕਲਪਿਤ ਕਿੱਲੀ ਹੈ ਜਿਸ ਦੇ ਦੁਆਲੇ ਧਰਤੀ ਘੁੰਮਦੀ ਹੈ।
6. ਧਰਤੀ ਜਿਸ ਪੰਧ ਰਾਹੀਂ ਸੂਰਜ ਦੁਆਲੇ ਚੱਕਰ ਕੱਟਦੀ ਹੈ, ਨੂੰ **ਗ੍ਰਹਿ-ਪੰਧ** ਆਖਦੇ ਹਨ।
7. **ਧਰੁਵੀ** ਖੇਤਰਾਂ ਵਿੱਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ।
8. ਮੱਕਰ ਰੇਖਾ **23 ½$^0$** ਅਕਸ਼ਾਸ਼ ਰੇਖਾ ਦੁਆਰਾ ਦਰਸਾਈ ਜਾਂਦੀ ਹੈ।
9. ਅਕਸ਼ਾਂਸ਼ ਅਤੇ ਦਿਸ਼ਾਂਤਰ ਗਲੋਬ 'ਤੇ **ਗਰਿੱਡ ਜਾਂ ਜਾਲ** ਬਣਾਉਂਦੇ ਹਨ।
10. ਦੋ ਸਮਾਂਤਰ ਰੇਖਾਵਾਂ ਵਿੱਚ ਦੂਰੀ ਹਮੇਸ਼ਾ **ਸਮਾਨ** ਹੁੰਦੀ ਹੈ।
11. **ਗ੍ਰੀਨਵਿੱਚ ਦੇਸ਼ਾਂਤਰ** ਨੂੰ ਸਿਫਰ ਦੇਸ਼ਾਂਤਰ ਆਖਦੇ ਹਨ।
12. ਭਾਰਤ ਵਿੱਚ **82½$^0$ ਪੂ** ਦੇਸ਼ਾਂਤਰ ਨੂੰ ਪ੍ਰਮਾਣਿਕ ਦਿਸ਼ਾਂਤਰ ਮੰਨਿਆ ਗਿਆ ਹੈ।
13. ਗ੍ਰੀਨਵਿੱਚ ਦੇ ਔਸਤ ਸਮੇਂ ਅਤੇ ਭਾਰਤੀ ਪ੍ਰਮਾਣਿਕ ਸਮੇਂ ਵਿੱਚ **5 ਘੰਟੇ 30 ਮਿੰਟ** ਦਾ ਅੰਤਰ ਹੈ।
14. **ਆਸਟਰੇਲੀਆ** ਸਭ ਤੋਂ ਛੋਟਾ ਮਹਾਂਦੀਪ ਹੈ।
15. **ਅਫਰੀਕਾ** ਦੂਸਰੇ ਨੰਬਰ ਤੇ ਵੱਡਾ ਮਹਾਂਦੀਪ ਹੈ।
16. ਆਰਕਟਿਕ ਸਾਗਰ ਨੇ **ਉੱਤਰੀ** ਧਰੁਵ ਚੁਫੇਰਿਓਂ ਘੇਰਿਆ ਹੋਇਆ ਹੈ।
17. ਦੱਖਣੀ ਮਹਾਂਸਾਗਰ ਨੇ **ਦੱਖਣੀ ਅਮਰੀਕਾ** ਮਹਾਂਦੀਪ ਨੂੰ ਘੇਰਿਆ ਹੋਇਆ ਹੈ।
18. ਧਰਤੀ ਦਾ 2/3 ਹਿੱਸਾ **ਪਾਣੀ** ਨੇ ਘੇਰਿਆ ਹੋਇਆ ਹੈ।
19. **ਅੰਟਾਰਟਿਕ** ਮਹਾਂਦੀਪ ਨੂੰ ਚਿੱਟਾ ਮਹਾਂਦੀਪ ਆਖਦੇ ਹਨ।
20. **ਜੀਵ** ਪਰਿਮੰਡਲ ਨੂੰ ਤਿੰਨੋਂ ਪਰਿਮੰਡਲ ਪ੍ਰਭਾਵਿਤ ਕਰਦੇ ਹਨ।
21. ਆਕਾਰ ਦੇ ਅਨੁਸਾਰ ਭਾਰਤ ਦਾ ਸਭ ਤੋਂ ਵੱਡਾ ਰਾਜ **ਰਾਜਸਥਾਨ** ਹੈ।
22. **ਗੋਆ** ਭਾਰਤ ਦਾ ਸਭ ਤੋਂ ਛੋਟਾ ਰਾਜ ਹੈ।
23. ਇੰਦਰਾ ਪੁਆਇੰਟ ਭਾਰਤ ਦੇ ਬਿਲਕੁਲ **ਦੱਖਣੀ** ਸਿਰੇ ਤੇ ਹੈ।
24. ਕਸ਼ਮੀਰ ਤੋਂ **ਕੰਨਿਆ ਕੁਮਾਰੀ** ਤੱਕ ਭਾਰਤ ਇੱਕ ਹੈ।
25. ਅਰੁਣਾਚਲ ਪ੍ਰਦੇਸ਼ ਭਾਰਤ ਦੇ **ਪੂਰਬੀ** ਭਾਗ ਵਿੱਚ ਹੈ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

**1. ਕਿਹੜਾ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਅਤੇ ਕਿਹੜਾ ਸਭ ਤੋਂ ਦੂਰ ਹੈ ?**

ਉੱਤਰ- ਬੁੱਧ ਗ੍ਰਹਿ ਸੂਰਜ ਦੇ ਸਭ ਤੋਂ ਨੇੜੇ ਅਤੇ ਨੈਪਚੂਨ ਗ੍ਰਹਿ ਸੂਰਜ ਤੋਂ ਸਭ ਤੋਂ ਦੂਰ ਹੈ।

**2. ਗ੍ਰਹਿਆਂ ਦੇ ਅਕਾਰ ਅਨੁਸਾਰ ਕਿਹੜਾ ਗ੍ਰਹਿ ਸਭ ਤੋਂ ਵੱਡਾ ਅਤੇ ਕਿਹੜਾ ਸਭ ਤੋਂ ਛੋਟਾ ਹੈ ?**

ਉੱਤਰ- ਬ੍ਰਹਿਸਪਤੀ ਗ੍ਰਹਿ ਸਭ ਤੋਂ ਵੱਡਾ ਅਤੇ ਬੁੱਧ ਗ੍ਰਹਿ ਸਭ ਤੋਂ ਛੋਟਾ ਹੈ। ਸਾਡੀ ਧਰਤੀ ਦਾ ਪੰਜਵਾਂ ਸਥਾਨ ਹੈ।

**3. ਹੇਠ ਲਿਖਿਆਂ 'ਤੇ ਨੋਟ ਲਿਖੋ-**

**ੳ. ਧਰਤ ਗੋਲਾ**- ਸਾਡੀ ਧਰਤੀ ਚਪਟਾ ਗੋਲਾ ਹੈ। ਜਿਸਨੂੰ ਧਰਤ ਗੋਲਾ (Geoid) ਆਖਦੇ ਹਨ।

**ਅ. ਭੂ-ਮੱਧ ਰੇਖਾ-** ਧਰਤੀ ਦੇ ਮੱਧ ਵਿੱਚ ਪੂਰਬ ਤੋਂ ਪੱਛਮ ਵੱਲ ਦੇ ਸਿਰਿਆਂ ਨੂੰ ਮਿਲਾਉਣ ਵਾਲੀ, ਕਲਪਿਤ ਰੇਖਾ ਨੂੰ ਭੂ-ਮੱਧ ਰੇਖਾ ਆਖਦੇ ਹਨ। ਇਹ ਧਰਤੀ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ।

**ੲ. ਧੁਰਾ** – ਧੁਰਾ ਅਸਲ ਵਿੱਚ ਇੱਕ ਕਲਪਿਤ ਰੇਖਾ ਹੈ। ਇਹ ਧਰਤੀ ਦੇ ਇੱਕ ਧਰੁਵ ਤੋਂ ਦੂਸਰੇ ਧਰੁਵ ਤੱਕ ਧਰਤੀ ਦੇ ਮੱਧ ਵਿੱਚੋਂ ਲੰਘਦੀ ਮੰਨੀ ਜਾਂਦੀ ਹੈ।

**ਸ. ਚੰਨ ਗ੍ਰਹਿਣ**- ਜਦੋਂ ਧਰਤੀ ਘੁੰਮਦੀ-ਘੁੰਮਦੀ ਸੂਰਜ ਅਤੇ ਚੰਨ ਦੇ ਵਿਚਕਾਰ ਆ ਜਾਂਦੀ ਹੈ ਉਦੋਂ ਧਰਤੀ ਦਾ ਪਰਛਾਵਾਂ ਚੰਨ ‘ਤੇ ਪੈਂਦਾ ਹੈ ਜਿਸ ਨੂੰ ਚੰਨ ਗ੍ਰਹਿਣ ਕਹਿੰਦੇ ਹਨ।

**4. 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿੱਥੇ ਸਿੱਧੀਆਂ ਪੈਂਦੀਆਂ ਹਨ**?

ਉੱਤਰ- **21** ਜੂਨ ਨੂੰ ਸੂਰਜ ਦੀਆਂ ਕਿਰਨਾਂ ਸਿੱਧੀਆਂ ਕਰਕ ਰੇਖਾ ‘ਤੇ ਪੈਂਦੀਆਂ ਹਨ।

**5. ਉੱਤਰੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ?**

ਉੱਤਰ- ਪਤਝੜ੍ਹ ਰੁੱਤ।

**6. ਦੱਖਣੀ ਅਰਧ ਗੋਲੇ ਵਿੱਚ 23 ਸਤੰਬਰ ਨੂੰ ਕਿਹੜਾ ਮੌਸਮ ਹੁੰਦਾ ਹੈ?**

ਉੱਤਰ- ਬਸੰਤ ਰੁੱਤ।

**7. ਸ਼ੀਤ ਅਯਨਾਂਤ ਕਦੋਂ ਹੁੰਦੀ ਹੈ?**

ਉੱਤਰ- 22 ਦਸੰਬਰ ਨੂੰ।

**8. ਮੁੱਖ ਮਧਿਆਨ ਰੇਖਾ ਕਿਸਨੂੰ ਆਖਦੇ ਹਨ ਅਤੇ ਇਹ ਕਿੱਥੋਂ ਲੰਘਦੀ ਹੈ ?**

ਉਤਰ- 0 ਡਿਗਰੀ ਦੇਸ਼ਾਂਤਰ ਨੂੰ ਮੁੱਖ ਮਾਧਿਆਨ ਰੇਖਾ ਆਖਦੇ ਹਨ। ਇਹ ਇੰਗਲੈਂਡ ਦੇ ਗ੍ਰੀਨਵਿੱਚ ਨਾਂ ਦੇ ਸਥਾਨ ਤੋਂ ਲੰਘਦੀ ਹੈ।

**9. ਧਰਤੀ ਜਾਂ ਗਲੋਬ ਨੂੰ ਕਿੰਨ੍ਹੇ ਦੇਸ਼ਾਂਤਰਾਂ ਵਿੱਚ ਵੰਡਿਆ ਗਿਆ ਹੈ ?**

ਉੱਤਰ- **360** ਦਿਸ਼ਾਂਤਰ

**10. ਗਲੋਬ ਦਾ ਸਭ ਤੋਂ ਵੱਡਾ ਚੱਕਰ ਕਿਹੜਾ ਹੈ? ਉਸਦਾ ਨਾਮ ਦੱਸੋ।**

ਉੱਤਰ- ਗਲੋਬ ਦਾ ਸਭ ਤੋਂ ਵੱਡਾ ਚੱਕਰ 0° ਅਕਸ਼ਾਂਸ ਦਾ ਚੱਕਰ ਹੈ। ਇਸ ਨੂੰ ਭੂ-ਮੱਧ ਰੇਖਾ ਕਿਹਾ ਜਾਂਦਾ ਹੈ।

**11. ਦੋਨਾਂ ਧਰੁਵਾਂ ਨੂੰ ਮਿਲਾਉਣ ਵਾਲੀਆਂ ਅਰਧ ਗੋਲਾਕਾਰ ਰੇਖਾਵਾਂ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?**

ਉੱਤਰ- ਦੇਸ਼ਾਂਤਰ ਰੇਖਾਵਾਂ(ਲੰਬਕਾਰ)।

**12. ਨਕਸ਼ਾ ਕੀ ਹੈ?**

ਉੱਤਰ- ਇੱਕ ਨਕਸ਼ਾ, ਪੂਰੀ ਧਰਤੀ ਦਾ ਜਾਂ ਕੁੱਝ ਕੁ ਭਾਗ ਦਾ, ਪੈਮਾਨੇ ਅਨੁਸਾਰ, ਪੱਧਰੀ ਸਤ੍ਹਾ ‘ਤੇ ਪ੍ਰਦਰਸ਼ਿਤ ਹੋਇਆ ਰੂਪ ਹੈ।

**13. ਗਲੋਬ ਕੀ ਹੈ?**

ਉੱਤਰ- ਧਰਤੀ ਦੇ ਹੂ-ਬ-ਹੂ ਪ੍ਰਤੀਕ ਜਾਂ ਮਾਡਲ ਨੂੰ ਗਲੋਬ ਕਹਿੰਦੇ ਹਨ।

**14. ਥਲ ਮੰਡਲ ਕਿਸਨੂੰ ਆਖਦੇ ਹਨ ?**

ਉੱਤਰ- ਥਲ ਤੋਂ ਭਾਵ ਸਖ਼ਤ ਪੱਥਰ ਤੋਂ ਬਣੀ ਧਰਤੀ ਦੀ ਸਖ਼ਤ ਸਤਹ ਹੈ। ਥਲ ਮੰਡਲ ਵਿੱਚ ਸਭ ਤਰ੍ਹਾਂ ਦੇ ਥਲ ਰੂਪ ਵੱਡੇ-ਛੋਟੇ, ਉੱਘੜ-ਦੁਘੜ ਪੱਧਰੇ ਅਤੇ ਉੱਚੇ ਪਰਬਤ, ਡੂੰਘੀਆਂ ਘਾਟੀਆਂ, ਵਿਸ਼ਾਲ ਮੈਦਾਨ ਅਤੇ ਪਠਾਰਾਂ ਸ਼ਾਮਿਲ ਹਨ।

**15. ਧਰਤੀ ਤੇ ਪ੍ਰਮੁੱਖ ਭੂ-ਰੂਪਾਂ ਦੇ ਨਾਮ ਲਿਖੋ।**

ਉੱਤਰ- ਧਰਤੀ ਤੇ ਪ੍ਰਮੁੱਖ ਭੂ-ਰੂਪਾਂ ਵਿੱਚ ਪਹਾੜ, ਪਠਾਰ ਅਤੇ ਮੈਦਾਨ ਸ਼ਾਮਿਲ ਹਨ।

**16. ਪਰਬਤ ਲੜ੍ਹੀ ਕਿਸ ਨੂੰ ਆਖਦੇ ਹਨ?**

ਉੱਤਰ- ਪਹਾੜਾਂ ਦੇ ਉਹ ਥਲ ਰੂਪ ਜੋ ਆਪਣੇ ਆਲੇ-ਦੁਆਲੇ ਸਥਲ ਤੋਂ ਉੱਚੇ, ਵੱਖੀਆਂ ਤੋਂ ਢਲਾਣਦਾਰ ਅਤੇ ਉੱਪਰਲੇ ਸਿਰਿਆਂ ਤੋਂ ਤਿਕੋਨੇ ਹੁੰਦੇ ਹਨ। ਇਹ ਆਮ ਕਰਕੇ ਧਰਤੀ ਤੇ ਇਕ ਲੜੀ ਦੇ ਰੂਪ ਵਿੱਚ ਹੁੰਦੇ ਹਨ। ਇਨ੍ਹਾਂ ਨੂੰ ਪਰਬਤ ਲੜੀ ਕਿਹਾ ਜਾਂਦਾ ਹੈ।

**17. ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਮ ਲਿਖੋ।**

ਉੱਤਰ- 1. ਪਾਕਿਸਤਾਨ 2. ਅਫ਼ਗਾਨਿਸਤਾਨ 3. ਚੀਨ 4. ਨੇਪਾਲ 5. ਭੂਟਾਨ 6. ਬੰਗਲਾਦੇਸ਼ 7. ਸ਼੍ਰੀਲੰਕਾ 8. ਮਿਆਂਮਾਰ

**18. ਭਾਰਤ ਨੂੰ ਰਾਜਨੀਤਿਕ ਤੌਰ ਤੇ ਕਿੰਨ੍ਹੇ ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ?**

ਉੱਤਰ ਭਾਰਤ ਨੂੰ 28 ਰਾਜਾਂ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ।

**19. ਉਨ੍ਹਾਂ ਤਿੰਨ ਸਾਗਰਾਂ ਦੇ ਨਾਮ ਲਿਖੋ ਜਿੰਨ੍ਹਾਂ ਨੇ ਭਾਰਤੀ ਉਪ-ਮਹਾਂਦੀਪ ਨੂੰ ਘੇਰਿਆ ਹੈ ?**

ਉੱਤਰ- 1. ਹਿੰਦ ਮਹਾਂਸਾਗਰ 2. ਅਰਬ ਸਾਗਰ 3. ਬੰਗਾਲ ਦੀ ਖਾੜੀ

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ:**

1. **ਬ੍ਰਹਿਮੰਡ ਤੋਂ ਕੀ ਭਾਵ ਹੈ**? **ਬ੍ਰਹਿਮੰਡ ਵਿਚਲੇ ਪ੍ਰਤੀਰੂਪਾਂ ਦੀ ਸੂਚੀ ਤਿਆਰ ਕਰੋ।**

ਉੱਤਰ- ਸਾਰੇ ਤਾਰਿਆਂ, ਗ੍ਰਹਿਆਂ, ਉਪਗ੍ਰਹਿਆਂ, ਧੂੜ ਕਣਾਂ ਅਤੇ ਗੈਸਾਂ ਦੇ ਸਮੂਹ ਨੂੰ ਬ੍ਰਹਿਮੰਡ ਆਖਦੇ ਹਨ।

ਬ੍ਰਹਿਮੰਡ ਦੇ ਪ੍ਰਤੀਰੂਪ- ਆਕਾਸ਼ ਗੰਗਾ, ਸੂਰਜ, ਗ੍ਰਹਿ ਅਤੇ ਉਪਗ੍ਰਹਿ, ਛੋਟੇ ਗ੍ਰਹਿ, ਪੂਛਲ ਤਾਰੇ, ਉਲਕਾ ਅਤੇ ਉਲਕਾ ਪਿੰਡ ਆਦਿ।

2. **ਗ੍ਰਹਿ ਅਤੇ ਉਪਗ੍ਰਹਿ ਵਿੱਚ ਕੀ ਅੰਤਰ ਹੈ?**

ਉੱਤਰ – **ਗ੍ਰਹਿ-** ਗ੍ਰਹਿ ਪੁਲਾੜ ਵਿੱਚ ਇੱਕ ਨਿਸ਼ਚਿਤ ਮਾਰਗ ਵਿੱਚ ਸੂਰਜ ਦੁਆਲੇ ਘੁੰਮਦੇ ਠੋਸੀ ਜਾਂ ਗੈਸੀ ਗੋਲੇ ਹਨ। ਜੋ ਸੂਰਜ ਦੀ ਰੋਸ਼ਨੀ ਨਾਲ ਚਮਕਦੇ ਨਜ਼ਰ ਆਉਂਦੇ ਹਨ। ਸਾਡੀ ਧਰਤੀ ਇੱਕ ਗ੍ਰਹਿ ਹੈ।

**ਉਪਗ੍ਰਹਿ**- ਉਹਨਾਂ ਆਕਾਸ਼ੀ ਗੋਲਿਆਂ ਜਾਂ ਖਗੋਲੀ ਪਿੰਡਾਂ ਨੂੰ ਉਪਗ੍ਰਹਿ ਆਖਿਆ ਜਾਂਦਾ ਹੈ, ਜਿਹੜੇ ਗ੍ਰਹਿਆਂ ਦੁਆਲੇ ਘੁੰਮਦੇ ਹਨ। ਜਿਵੇਂ ਕਿ ਚੰਨ ਧਰਤੀ ਦਾ ਉਪਗ੍ਰਹਿ ਹੈ।

3. **ਸੂਰਜੀ ਪਰਿਵਾਰ ਬਾਰੇ ਤੁਸੀਂ ਕੀ ਜਾਣਦੇ ਹੋਂ**?

ਉੱਤਰ – ਸੂਰਜ, ਗ੍ਰਹਿ ਅਤੇ ਉਪਗ੍ਰਹਿ ਸਾਰੇ ਆਪਸ ਵਿੱਚ ਮਿਲ ਕੇ ਸੂਰਜੀ ਪਰਿਵਾਰ ਬਣਾਉਂਦੇ ਹਨ। ਸੂਰਜੀ ਪਰਿਵਾਰ ਵਿੱਚ ਅੱਠ ਗ੍ਰਹਿ ਸ਼ਾਮਿਲ ਹਨ। ਬੁੱਧ, ਸ਼ੁੱਕਰ, ਧਰਤੀ, ਮੰਗਲ, ਬ੍ਰਹਿਸਪਤੀ, ਸ਼ਨੀ, ਯੂਰੇਨਸ ਅਤੇ ਨੈਪਚੂਨ। ਸੂਰਜ ਇਹਨਾਂ ਦਾ ਜਨਮਦਾਤਾ ਹੈ।

4. **ਧਰਤੀ ਦੀ ਦੈਨਿਕ ਗਤੀ ਕੀ ਹੁੰਦੀ ਹੈ**?

ਉੱਤਰ- ਧਰਤੀ ਆਪਣੇ ਧੁਰੇ ਦੁਆਲੇ ਪੱਛਮ ਤੋਂ ਪੂਰਬ ਵੱਲ 24 ਘੰਟਿਆਂ ਵਿੱਚ ਪੂਰਾ ਚੱਕਰ ਕੱਟਦੀ ਹੈ। ਇੱਕ ਦਿਨ ਵਿੱਚ ਮੁਕੰਮਲ ਹੋਣ ਵਾਲੀ ਇਸ ਗਤੀ ਨੂੰ ਧਰਤੀ ਦੀ ਦੈਨਿਕ ਗਤੀ ਆਖਦੇ ਹਨ।

5. **ਰੁੱਤਾਂ ਬਣਨ ਦੇ ਕੀ ਕਾਰਨ ਹਨ**?

ਉੱਤਰ**-** ਰੁੱਤ ਤਬਦੀਲੀ ਜਾਂ ਪਰਿਵਰਤਨ ਵਿਸ਼ੇਸ ਕਰਕੇ ਵਾਰਸ਼ਿਕ ਗਤੀ ਕਰਕੇ ਹੁੰਦੀ ਹੈ। ਰੁੱਤ ਤਬਦੀਲੀ ਦਾ ਦੂਸਰਾ ਕਾਰਨ ਧਰਤੀ ਦਾ ਆਪਣੇ ਧੁਰੇ 'ਤੇ **66½$^{0}$** ਵਿੱਚ ਝੁਕੇ ਹੋਣਾ ਹੈ।

6. **ਗਲੋਬ ਨੂੰ ਧਰਤੀ ਦਾ ਮਾਡਲ ਕਿਉਂ ਕਿਹਾ ਜਾਂਦਾ ਹੈ**?

ਉੱਤਰ- ਧਰਤੀ ਦਾ ਆਕਾਰ ਬਹੁਤ ਵੱਡੇ ਗੋਲੇ ਵਾਂਗ ਹੈ। ਅਸੀਂ ਪੂਰੀ ਧਰਤੀ ਨੂੰ ਇੱਕੋ ਸਮੇਂ ਨਹੀਂ ਦੇਖ ਸਕਦੇ, ਇਸ ਲਈ ਧਰਤੀ ਨੂੰ ਦੇਖਣ ਅਤੇ ਪਰਖਣ ਲਈ ਇਸ ਦਾ ਮਾਡਲ ਬਣਾਇਆ ਗਿਆ ਹੈ, ਜਿਸ ਨੂੰ ਗਲੋਬ ਆਖਦੇ ਹਨ। ਗਲੋਬ ਵਿੱਚ ਮਹਾਂਦੀਪਾਂ**,** ਮਹਾਂਸਾਗਰਾਂ ਦੇ ਆਕਾਰ**,** ਦੂਰੀਆਂ ਅਤੇ ਦਿਸ਼ਾਵਾਂ ਬਿਲਕੁਲ ਠੀਕ ਰੂਪ ਵਿੱਚ ਦਿਖਾਈਆਂ ਹੁੰਦੀਆਂ ਹਨ,ਇਸ ਲਈ ਗਲੋਬ ਨੂੰ ਧਰਤੀ ਦਾ ਮਾਡਲ ਕਿਹਾ ਜਾਂਦਾ ਹੈ।

7. **ਦਿਸ਼ਾਂਤਰ ਦਾ ਕੀ ਮਹੱਤਵ ਹੈ**?

ਉੱਤਰ- ਵਿਥਕਾਰਾਂ (ਅਕਸ਼ਾਂਸ਼ਾਂ) ਦੀ ਤਰ੍ਹਾਂ ਦਿਸ਼ਾਂਤਰਾਂ (ਲੰਬਕਾਰਾਂ) ਦਾ ਵੀ ਵਿਸ਼ੇਸ ਮਹੱਤਵ ਹੈ-

1.ਦਿਸ਼ਾਂਤਰਾਂ ਦੀ ਮਦਦ ਨਾਲ ਅਸੀਂ ਕਿਸੇ ਵੀ ਸਥਾਨ ਦੀ ਪੂਰਬ ਤੋਂ ਪੱਛਮ ਵੱਲ ਦੂਰੀ ਪਤਾ ਲਗਾ ਸਕਦੇ ਹਾਂ।

2.ਦਿਸ਼ਾਂਤਰਾਂ ਨਾਲ ਅਸੀਂ ਕਿਸੇ ਸਥਾਨ ਦਾ ਸਥਾਨਕ ਸਮਾਂ ਕੱਢ ਸਕਦੇ ਹਾਂ।

8. **ਨਕਸ਼ੇ ਅਤੇ ਗਲੋਬ ਵਿੱਚ ਅੰਤਰ ਦੱਸੋ ।**

ਉੱਤਰ- ਗਲੋਬ ਧਰਤੀ ਦਾ ਹੂ-ਬ-ਹੂ ਪ੍ਰਤੀਕ ਜਾਂ ਮਾਡਲ ਹੈ, ਜਦਕਿ ਨਕਸ਼ਾ ਪੂਰੀ ਧਰਤੀ ਦਾ ਜਾਂ ਕੁ`ਝ ਕੁ ਭਾਗ ਦਾ**,** ਪੈਮਾਨੇ ਅਨੁਸਾਰ**,** ਪੱਧਰੀ ਸਤ੍ਹਾ 'ਤੇ ਪ੍ਰਦਰਸ਼ਿਤ ਹੋਇਆ ਰੂਪ ਹੈ।

9. **ਵੱਖ-ਵੱਖ ਨਕਸ਼ਿਆਂ ਦੀ ਸੂਚੀ ਬਣਾਓ।**

ਉੱਤਰ- **1.** ਭੌਤਿਕ ਨਕਸ਼ੇ **2.** ਇਤਿਹਾਸਕ ਨਕਸ਼ੇ **3.** ਵੰਡ ਸੰਬੰਧੀ ਨਕਸ਼ੇ
**4.** ਸਥਲ-ਆਕ੍ਰਿਤੀ ਨਕਸ਼ੇ **5.** ਐਟਲਸ ਨਕਸ਼ੇ **6.** ਦੀਵਾਰ-ਨਕਸ਼ੇ

10. **ਪ੍ਰਮਾਣਿਕ ਚਿੰਨ੍ਹਾਂ ਬਾਰੇ ਤੁਸੀਂ ਕੀ ਜਾਣਦੇ ਹੋਂ**? **ਦੱਸੋ।**

ਉੱਤਰ- ਨਕਸ਼ੇ ਨੂੰ ਪੜ੍ਹਨ ਲਈ, ਚਿੰਨ੍ਹਾਂ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਚਿੰਨ੍ਹਾਂ ਨੂੰ ਹੀ ਪ੍ਰਮਾਣਿਕ ਚਿੰਨ੍ਹ ਆਖਦੇ ਹਨ। ਇਹ ਚਿੰਨ੍ਹ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਸੰਸਾਰ ਭਰ ਵਿੱਚ ਇਕਸਾਰਤਾ ਹੁੰਦੀ ਹੈ। ਇਹ ਚਿੱਤਰ-ਕਸ਼ੀ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਦੁਆਰਾ ਅਸੀਂ ਨਕਸ਼ੇ ਤੇ ਧਰਤੀ ਦੀਆਂ ਕੁਦਰਤੀ ਆਕ੍ਰਿਤੀਆਂ ਅਤੇ ਮਨੁੱਖ ਦੁਆਰਾ ਬਣਾਈਆਂ ਆਕ੍ਰਿਤੀਆਂ ਦਾ ਅਧਿਐਨ ਕਰ ਸਕਦੇ ਹਾਂ। ਨਕਸ਼ਿਆਂ ਵਿੱਚ ਪਹਾੜ, ਉੱਚੀਆਂ ਧਰਤੀਆਂ, ਮੈਦਾਨ, ਦਰਿਆ, ਜੰਗਲ ਅਤੇ ਬਰਫ਼ ਆਦਿ ਦਰਸਾਉਣ ਲਈ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ।

11. **ਨਕਸ਼ੇ ਵਿੱਚ ਦਿਸ਼ਾ ਦਾ ਕੀ ਉਪਯੋਗ ਕੀਤਾ ਜਾਂਦਾ ਹੈ**?

ਉੱਤਰ- ਨਕਸ਼ੇ ਵਿੱਚ ਦਿਖਾਈ ਗਈ ਦਿਸ਼ਾ ਨਾਲ ਸਾਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਕੋਈ ਸਥਾਨ ਕਿੱਥੇ ਸਥਿੱਤ ਹੈ। ਨਕਸ਼ੇ ਦਾ ਉੱਪਰਲਾ ਭਾਗ ਉੱਤਰ ਅਤੇ ਹੇਠਲਾ ਭਾਗ ਦੱਖਣ ਦਿਸ਼ਾ ਵਿੱਚ ਹੁੰਦਾ ਹੈ। ਇਸ ਨਾਲ ਅਸੀਂ ਬਾਕੀ ਦਿਸਾਵਾਂ ਦਾ ਅਨੁਮਾਨ ਵੀ ਲਗਾ ਸਕਦੇ ਹਾਂ। ਨਕਸ਼ਿਆਂ ਵਿੱਚ ਦਿਸ਼ਾਵਾਂ ਤੀਰ-ਨਿਸ਼ਾਨ ਨਾਲ ਵਿਖਾਈਆਂ ਜਾਂਦੀਆਂ ਹਨ।

**12. ਨਕਸ਼ੇ ਕਿਉਂ ਬਣਾਏ ਗਏ ਹਨ? ਇਹਨਾਂ ਦੀ ਮਹੱਤਤਾ ਦੱਸੋ ।**

ਉੱਤਰ- ਆਧੁਨਿਕ ਜੀਵਨ ਲਈ ਨਕਸ਼ੇ ਬਹੁਤ ਜ਼ਰੂਰੀ ਹਨ। ਇਹ ਸਾਨੂੰ ਵੱਖ-ਵੱਖ ਥਾਵਾਂ ਦੀ ਨਕਸ਼ੇ ‘ਤੇ ਖਿੱਚੇ ਗਏ ਅਕਸ਼ਾਂਸ਼ਾਂ ਅਤੇ ਦਿਸ਼ਾਤਰਾਂ ਅਨੁਸਾਰ ਸਥਿਤੀ ਦੱਸਦੇ ਹਨ। ਇਨ੍ਹਾਂ ਦੀ ਮਦਦ ਨਾਲ ਅਸੀਂ ਇੱਕ ਥਾਂ ਦੀ ਦੂਸਰੇ ਥਾਂ ਨਾਲੋਂ ਦੂਰੀ, ਸਮੇਂ ਅਤੇ ਸਥਿਤੀ ਬਾਰੇ ਆਸਾਨੀ ਨਾਲ ਪਤਾ ਕਰ ਸਕਦੇ ਹਾਂ।

**ਨਕਸ਼ਿਆਂ ਦੀ ਮਹੱਤਤਾ -**

**1.** ਨਕਸ਼ਿਆਂ ਦੀ ਮਦਦ ਨਾਲ ਅਸੀਂ ਕਿਸੇ ਇੱਕ ਸਥਾਨ ਦੀ ਦੂਸਰੇ ਸਥਾਨ ਨਾਲੋਂ ਦੂਰੀ, ਸਮਾਂ ਅਤੇ ਸਥਿਤੀ ਬਾਰੇ ਆਸਾਨੀ ਨਾਲ ਪਤਾ ਕਰ ਸਕਦੇ ਹਾਂ।

**2.** ਨਕਸ਼ਿਆਂ ਦੀ ਮਦਦ ਨਾਲ ਵਪਾਰਿਕ ਕੇਂਦਰ, ਸੜਕਾਂ ਅਤੇ ਰੇਲਾਂ ਦੇ ਰਸਤੇ, ਜ਼ਮੀਨ ਦੀ ਢਲਾਣ, ਦਰਿਆ ਅਤੇ ਭੌਤਿਕ ਲੱਛਣ ਅਸਾਨੀ ਨਾਲ ਪਤਾ ਕਰ ਸਕਦੇ ਹਾਂ।

**3.** ਨਕਸ਼ੇ ਰਾਹਗੀਰਾਂ ਅਤੇ ਸੈਨਾ ਲਈ ਬਹੁਤ ਸਹਾਇਕ ਹਨ।

13. **ਵਾਯੂਮੰਡਲ ਜੀਵਨ ਪ੍ਰਣਾਲੀ ਨੂੰ ਜਿਊਣ ਵਿੱਚ ਕਿਵੇਂ ਸਹਾਇਤਾ ਕਰਦਾ ਹੈ**?

ਉੱਤਰ- ਵਾਯੂਮੰਡਲ ਜੀਵਨ ਪ੍ਰਣਾਲੀ ਨੂੰ ਜਾਰੀ ਰੱਖਣ ਵਿੱਚ ਖਾਸ ਭੂਮਿਕਾ ਨਿਭਾਉਂਦਾ ਹੈ-

1. ਵਾਯੂਮੰਡਲ ਵਿੱਚ ਆਕਸੀਜਨ ਹੁੰਦੀ ਹੈ ਜੋ ਮਨੁੱਖਾਂ, ਜਾਨਵਰਾਂ ਅਤੇ ਹੋਰ ਜੀਵਾਂ ਦੇ ਸਾਹ ਲੈਣ ਲਈ ਜ਼ਰੂਰੀ ਹੈ।
2. ਵਾਯੂਮੰਡਲ ਦੀ ਓਜ਼ੋਨ ਪਰਤ ਸੂਰਜ ਦੀਆਂ ਹਾਨੀਕਾਰਕ ਪਰਾਬੈਂਗਨੀ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦੀ ਹੈ।
3. ਵਾਯੂਮੰਡਲ ਧਰਤੀ ਦਾ ਤਾਪਮਾਨ ਸਥਿਰ ਰੱਖਣ ਵਿੱਚ ਮਦਦ ਕਰਦਾ ਹੈ।
4. ਵਾਯੂਮੰਡਲ ਪਾਣੀ ਦੇ ਚੱਕਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

14. **ਮਹਾਂਦੀਪ ਕਿਸਨੂੰ ਆਖਦੇ ਹਨ**?

ਉੱਤਰ-ਧਰਤੀ ਦੇ ਉਹ ਵੱਡੇ ਭਾਗ ਜਿਹੜੇ ਤਿੰਨ ਜਾਂ ਚਾਰ ਪਾਸਿਆਂ ਤੋਂ ਪਾਣੀ ਨਾਲ ਘਿਰੇ ਹੁੰਦੇ ਹਨ ਅਤੇ ਮਹਾਂਸਾਗਰਾਂ ਤੇ ਸਾਗਰਾਂ ਰਾਹੀਂ ਅਲੱਗ ਹੁੰਦੇ ਹਨ, ਮਹਾਂਦੀਪ ਅਖਵਾਉਂਦੇ ਹਨ।

15. **ਧਰਤੀ ਤੇ ਕਿੰਨ੍ਹੇ ਮਹਾਂਦੀਪ ਹਨ**? **ਇਹਨਾਂ ਦੇ ਨਾਮ ਲਿਖੋ । ਸਭ ਤੋਂ ਵੱਡਾ ਮਹਾਂਦੀਪ ਕਿਹੜਾ ਹੈ** ?

ਉੱਤਰ- ਧਰਤੀ ‘ਤੇ ਸੱਤ ਮਹਾਂਦੀਪ ਹਨ। 1. ਏਸ਼ੀਆ 2. ਅਫ਼ਰੀਕਾ 3. ਯੂਰਪ 4. ਉੱਤਰੀ ਅਮਰੀਕਾ 5. ਦੱਖਣੀ ਅਮਰੀਕਾ 6. ਆਸਟਰੇਲੀਆ 7. ਅੰਟਾਰਕਟਿਕਾ ।

ਸਭ ਤੋਂ ਵੱਡਾ ਮਹਾਂਦੀਪ ਏਸ਼ੀਆ ਹੈ।

16. **ਮਹਾਂਸਾਗਰਾਂ ਦੇ ਨਾਮ ਦੱਸੋ । ਗਲੋਬ ਤੇ ਮਹਾਂਸਾਗਰਾਂ ਨੂੰ ਕਿਹੜੇ ਰੰਗ ਨਾਲ ਦਰਸਾਇਆ ਜਾਂਦਾ ਹੈ**?

ਉੱਤਰ- ਸੰਸਾਰ ‘ਤੇ ਚਾਰ ਮਹਾਂਸਾਗਰ ਹਨ।

1. ਸ਼ਾਂਤ ਮਹਾਂਸਾਗਰ 2. ਅੰਧ ਮਹਾਂਸਾਗਰ 3. ਹਿੰਦ ਮਹਾਂਸਾਗਰ 4. ਆਰਕਟਿਕ ਮਹਾਂਸਾਗਰ।

ਗਲੋਬ ‘ਤੇ ਮਹਾਂਸਾਗਰਾਂ ਨੂੰ ਨੀਲੇ ਰੰਗ ਨਾਲ ਦਰਸਾਇਆ ਜਾਂਦਾ ਹੈ ।

17. **ਜੀਵ-ਮੰਡਲ ਕਿਸਨੂੰ ਆਖਦੇ ਹਨ**? **ਇਸ ਬਾਰੇ ਸੰਖੇਪ ਜਾਣਕਾਰੀ ਦਿਓ।**

ਉੱਤਰ- ਧਰਤੀ ਦੇ ਜਿਸ ਭਾਗ ‘ਤੇ ਵੱਖ-ਵੱਖ ਜੀਵ-ਜੰਤੂ ਅਤੇ ਰੁੱਖ-ਪੌਦੇ ਰਹਿੰਦੇ ਹਨ, ਉਸਨੂੰ ਜੀਵ-ਮੰਡਲ ਕਹਿੰਦੇ ਹਨ। ਇਸ ਨੂੰ ਜੀਵਨ-ਪੱਟੀ ਵੀ ਕਿਹਾ ਜਾਂਦਾ ਹੈ। ਇਹ ਧਰਤੀ ਦੀ ਤਹਿ ਤੋਂ ਕੁੱਝ ਹੇਠਾਂ ਪਾਣੀ ਵਿੱਚ ਅਤੇ ਧਰਤੀ ਦੀ ਤਹਿ ਤੋਂ ਕੁੱਝ-ਕੁ ਉੱਪਰ ਹਵਾ ਤੱਕ ਫੈਲਿਆ ਹੈ।

18 **ਜੀਵ ਮੰਡਲ ਦਾ ਪ੍ਰਮੁੱਖ ਪ੍ਰਾਣੀ ਹੋਣ ਕਰਕੇ ਮਨੁੱਖ ਨੂੰ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ**?

ਉੱਤਰ- ਜੀਵ-ਮੰਡਲ ਦਾ ਪ੍ਰਮੁੱਖ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਨੂੰ ਕੁੱਝ ਅਹਿਮ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਜੀਵ-ਮੰਡਲ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ-

1. ਮਨੁੱਖ ਨੂੰ ਵੱਧਦੀ ਵਸੋਂ ‘ਤੇ ਰੋਕ ਲਾਉਣੀ ਚਾਹੀਦੀ ਹੈ ਤਾਂ ਕਿ ਜੀਵ-ਮੰਡਲ ਤੇ ਇਸਦਾ ਭਾਰ ਘਟਾਇਆ ਜਾ ਸਕੇ।
2. ਸਾਵਧਾਨੀ ਨਾਲ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਅਸੀਂ ਜੀਵ-ਮੰਡਲ ਨੂੰ ਸਾਫ਼-ਸੁਥਰਾ ਰੱਖ ਸਕਦੇ ਹਾਂ।
3. ਮਨੁੱਖ ਨੂੰ ‘ਜੀਓ ਅਤੇ ਜੀਣ ਦਿਓ’ ਦਾ ਨਿਯਮ ਅਪਨਾਉਣਾ ਚਾਹੀਦਾ ਹੈ ਤਾਂ ਕਿ ਮਨੁੱਖ ਧਰਤੀ ਤੇ ਆਪਣੀ ਲਗਾਤਾਰ ਹੋਂਦ ਨੂੰ ਯਕੀਨੀ ਬਣਾ ਸਕੇ।

19. **ਕਿਹੜੀ ਅਕਸ਼ਾਂਸ਼ ਰੇਖਾ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ**? **ਉਹਨਾਂ ਦੋ ਹਿੱਸਿਆਂ ਦੇ ਨਾਮ ਦੱਸੋ।**

ਉੱਤਰ- ਕਰਕ ਰੇਖਾ ਭਾਰਤ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਵੰਡਦੀ ਹੈ। ਉੱਤਰੀ ਭਾਗ ਨੂੰ ਉਪ-ਊਸ਼ਣ-ਖੰਡੀ ਅਤੇ ਦੱਖਣੀ ਭਾਗ ਨੂੰ ਊਸ਼ਣ-ਖੰਡੀ ਕਿਹਾ ਜਾਂਦਾ ਹੈ ।

20. **ਭਾਰਤ ਨੂੰ ਇੱਕ ਉਪ-ਮਹਾਂਦੀਪ ਕਿਉਂ ਕਿਹਾ ਜਾਂਦਾ ਹੈ**?

ਉੱਤਰ- ਭਾਰਤ ਇੱਕ ਵੱਡਾ ਦੇਸ਼ ਹੈ ਅਤੇ ਇਹ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ। ਇਸ ਲਈ ਇਸਨੂੰ ਉਪ-ਮਹਾਂਦੀਪ ਕਿਹਾ ਜਾਂਦਾ ਹੈ ।

**ਪੰਜ ਅੰਕਾਂ ਵਾਲੇ ਪ੍ਰਸ਼ਨ (ਪ੍ਰਸ਼ਨਾਂ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ)**

**1. ਦੈਨਿਕ ਗਤੀ ਅਤੇ ਵਾਰਸ਼ਿਕ ਗਤੀ ਵਿੱਚ ਅੰਤਰ ਦੱਸੋ ।**

| ਦੈਨਿਕ ਗਤੀ | ਵਾਰਸ਼ਿਕ ਗਤੀ |
|---|---|
| 1. ਦੈਨਿਕ ਗਤੀ ਦੌਰਾਨ ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ। | 1.ਵਾਰਸ਼ਿਕ ਗਤੀ ਦੌਰਾਨ ਧਰਤੀ ਸੂਰਜ ਦੁਆਲੇ ਘੁੰਮਦੀ ਹੈ। |
| 2. ਦੈਨਿਕ ਗਤੀ ਦੌਰਾਨ ਧਰਤੀ 24 ਘੰਟਿਆਂ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ। | 2.ਵਾਰਸ਼ਿਕ ਗਤੀ ਦੌਰਾਨ ਧਰਤੀ **365**$^{1/4}$ ਦਿਨਾਂ ਵਿੱਚ ਇੱਕ ਚੱਕਰ ਪੂਰਾ ਕਰਦੀ ਹੈ। |
| 3. ਇਸ ਗਤੀ ਨਾਲ ਦਿਨ ਅਤੇ ਰਾਤ ਬਣਦੇ ਹਨ। | 3. ਇਸ ਗਤੀ ਨਾਲ ਦਿਨ ਅਤੇ ਰਾਤ ਛੋਟੇ-ਵੱਡੇ ਹੁੰਦੇ ਹਨ ਅਤੇ ਰੁੱਤਾਂ ਬਣਦੀਆਂ ਹਨ। |

**2. ਕਾਰਨ ਦੱਸੋ:-**

**ੳ. 21 ਜੂਨ ਨੂੰ ਦੱਖਣੀ ਧਰੁਵ ‘ਤੇ ਲਗਾਤਾਰ ਹਨੇਰਾ ਹੁੰਦਾ ਹੈ ।**

ਉੱਤਰ-21 ਜੂਨ ਨੂੰ ਉੱਤਰੀ ਧਰੁਵ ਸੂਰਜ ਵੱਲ ਝੁਕਿਆ ਹੋਇਆ ਅਤੇ ਦੱਖਣੀ ਧਰੁਵ ਸੂਰਜ ਤੋਂ ਪਰ੍ਹਾਂ ਦਿਖਾਈ ਦਿੰਦਾ ਹੈ। ਸੂਰਜ ਦੀਆਂ ਕਿਰਨਾਂ ਦੱਖਣੀ ਧਰੁਵ ਤੱਕ ਨਹੀਂ ਪਹੁੰਚਦੀਆਂ। ਇਸ ਲਈ ਦੱਖਣੀ ਧਰੁਵ ‘ਤੇ ਲਗਾਤਾਰ ਹਨੇਰਾ ਹੁੰਦਾ ਹੈ ।

**ਅ. ਸੂਰਜ, ਚੰਨ ਤੇ ਤਾਰੇ ਪ੍ਰਿਥਵੀ ਦੁਆਲੇ ਪੂਰਬ ਤੋਂ ਪੱਛਮ ਵੱਲ ਘੁੰਮਦੇ ਕਿਉਂ ਨਜ਼ਰ ਆਉਂਦੇ ਹਨ**?

ਉੱਤਰ-ਧਰਤੀ ਆਪਣੀ ਧੁਰੇ ਦੁਆਲੇ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ। ਇਸ ਲਈ ਸਾਨੂੰ ਸੂਰਜ, ਚੰਨ ਅਤੇ ਤਾਰੇ ਉਲਟ ਦਿਸ਼ਾ ਵਿੱਚ ਭਾਵ ਪੂਰਬ ਤੋਂ ਪੱਛਮ ਵੱਲ ਘੁੰਮਦੇ ਨਜ਼ਰ ਆਉਂਦੇ ਹਨ।

**ੲ. ਲੀਪ ਦੇ ਸਾਲ ਦਾ ਕੀ ਅਰਥ ਹੈ**? **ਇੱਕ ਆਮ ਸਾਲ ਨਾਲੋਂ ਲੀਪ ਦੇ ਸਾਲ ਵਿੱਚ ਇੱਕ ਦਿਨ ਵੱਧ ਕਿਉਂ ਹੁੰਦਾ ਹੈ**?

ਉੱਤਰ-ਧਰਤੀ ਸੂਰਜ ਦੁਆਲੇ ਇੱਕ ਚੱਕਰ ਪੂਰਾ ਕਰਨ ਵਿੱਚ 365$^{1/4}$ ਦਿਨ ਦਾ ਸਮਾਂ ਲੈਂਦੀ ਹੈ। ਇਸ ਲਈ ਹਰੇਕ ਸਾਲ ¼ ਦਿਨ ਦਾ ਸਮਾਂ ਬੱਚ ਜਾਂਦਾ ਹੈ। ਇਸ ਸਮੇਂ ਨੂੰ ਪੂਰਾ ਕਰਨ ਲਈ ਚੌਥੇ ਸਾਲ ਵਿੱਚ ਇੱਕ ਹੋਰ ਦਿਨ ਹੋਰ ਵਧਾ ਦਿੱਤਾ ਜਾਂਦਾ ਹੈ। ਇਸਨੂੰ ਲੀਪ ਦਾ ਸਾਲ ਕਹਿੰਦੇ ਹਨ।

**3. ਅਕਸ਼ਾਂਸ਼ ਰੇਖਾਵਾਂ ਅਤੇ ਦਿਸ਼ਾਂਤਰ ਰੇਖਾਵਾਂ ਵਿੱਚ ਅੰਤਰ ਦੱਸੋ।**

ਉੱਤਰ- ਅਕਸ਼ਾਂਸ਼ ਰੇਖਾਵਾਂ ਅਤੇ ਦਿਸ਼ਾਂਤਰ ਰੇਖਾਵਾਂ ਮਿਲ ਕੇ ਭੂਗੋਲਿਕ ਸਥਿਤੀ ਨੂੰ ਦਰਸਾਉਣ ਵਿੱਚ ਮਦਦ ਕਰਦੀਆਂ ਹਨ। ਇਹਨਾਂ ਵਿੱਚ ਅੰਤਰ ਇਸ ਪ੍ਰਕਾਰ ਹੈ:

| ਅਕਸ਼ਾਂਸ਼ ਰੇਖਾਵਾਂ | ਦਿਸ਼ਾਂਤਰ ਰੇਖਾਵਾਂ |
|---|---|
| 1.ਇਹ ਉਹ ਕਲਪਿਤ ਰੇਖਾਵਾਂ ਹਨ ਜੋ ਪੂਰਬ ਤੋਂ ਪੱਛਮ ਦਿਸ਼ਾ ਵੱਲ ਖਿੱਚੀਆਂ ਗਈਆਂ ਹਨ। | 1.ਇਹ ਉਹ ਕਲਪਿਤ ਰੇਖਾਵਾਂ ਹਨ ਜੋ ਉੱਤਰ ਤੋਂ ਦੱਖਣ ਦਿਸ਼ਾ ਵੱਲ ਖਿੱਚੀਆਂ ਗਈਆਂ ਹਨ। |
| 2. ਇਹ ਰੇਖਾਵਾਂ ਸਮਾਨੰਤਰ ਹੁੰਦੀਆਂ ਹਨ। | 2.ਇਹ ਰੇਖਾਵਾਂ ਸਮਾਨੰਤਰ ਨਹੀਂ ਹੁੰਦੀਆਂ। |
| 3. ਗਲੋਬ ਤੇ 181 ਅਕਸ਼ਾਂਸ਼ ਰੇਖਾਵਾਂ ਖਿੱਚੀਆਂ ਗਈਆਂ ਹਨ। | 3.ਗਲੋਬ ਤੇ 360 ਦੇਸ਼ਾਂਤਰ ਰੇਖਾਵਾਂ ਖਿੱਚੀਆਂ ਗਈਆਂ ਹਨ। |
| 4. ਇਹਨਾਂ ਰੇਖਾਵਾਂ ਦੀ ਮਦਦ ਨਾਲ ਅਸੀਂ ਭੂ-ਮੱਧ ਰੇਖਾ ਤੋਂ ਕਿਸੇ ਸਥਾਨ ਦੀ ਦੂਰੀ ਪਤਾ ਕਰ ਸਕਦੇ ਹਾਂ। | 4.ਇਹਨਾਂ ਰੇਖਾਵਾਂ ਦੀ ਮਦਦ ਨਾਲ ਅਸੀਂ ਕਿਸੇ ਸਥਾਨ ਦਾ ਸਮਾਂ ਪਤਾ ਲਗਾ ਸਕਦੇ ਹਾਂ। |

**4. ਕਿਹੜੀਆਂ ਰੇਖਾਵਾਂ ਤਾਪ-ਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ ?**

ਉੱਤਰ- ਅਕਸ਼ਾਂਸ਼ ਰੇਖਾਵਾਂ ਤਾਪ ਖੰਡ ਬਣਾਉਣ ਵਿੱਚ ਸਹਾਇਤਾ ਕਰਦੀਆਂ ਹਨ। ਜਿੱਥੇ ਸੂਰਜ ਦੀਆਂ ਕਿਰਨਾਂ ਧਰਤੀ ਤੇ ਸਿੱਧੀਆਂ ਪੈਂਦੀਆਂ ਹਨ ਉਹ ਘੱਟ ਜਗ੍ਹਾਂ ਘੇਰਦੀਆਂ ਹਨ ਜਿਸ ਕਰਕੇ ਉਨ੍ਹਾਂ ਦੀ ਗਰਮ ਕਰਨ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ। ਜਿੱਥੇ ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈਂਦੀਆਂ ਹਨ ਉਹ ਜ਼ਿਆਦਾ ਜਗ੍ਹਾਂ ਘੇਰਦੀਆਂ ਹਨ ਜਿਸ ਕਰਕੇ ਉਨ੍ਹਾਂ ਦੀ ਗਰਮ ਕਰਨ ਦੀ ਸ਼ਕਤੀ ਘੱਟ ਹੁੰਦੀ ਹੈ। ਇਸ ਤਰ੍ਹਾਂ ਧਰਤੀ 'ਤੇ ਤਾਪ-ਖੰਡ ਬਣਦੇ ਹਨ।

5. **ਰੰਗਦਾਰ ਨਕਸ਼ਿਆਂ ਵਿੱਚ ਕਿਹੜੇ-ਕਿਹੜੇ ਰੰਗਾਂ ਨਾਲ ਹੇਠ ਲਿਖੀਆਂ ਭੌਤਿਕ ਆਕ੍ਰਿਤੀਆਂ ਦਿਖਾਈਆਂ ਜਾਂਦੀਆਂ ਹਨ- ਪਹਾੜ, ਉੱਚੀਆਂ ਧਰਤੀਆਂ, ਮੈਦਾਨ, ਦਰਿਆ, ਜੰਗਲ ਅਤੇ ਬਰਫ ਨਾਲ ਢੱਕੀਆਂ ਪਹਾੜੀਆਂ।**

ਉੱਤਰ-

| ਲੜੀ ਨੰ. | ਭੌਤਿਕ ਆਕ੍ਰਿਤੀ | ਰੰਗ |
|---|---|---|
| **1.** | ਪਹਾੜ | ਭੂਰਾ |
| **2.** | ਉੱਚੀਆਂ ਧਰਤੀਆਂ | ਪੀਲਾ |
| **3.** | ਮੈਦਾਨ | ਹਰਾ |
| **4.** | ਦਰਿਆ | ਨੀਲਾ |
| **5.** | ਜੰਗਲ | ਹਰਾ |
| **6.** | ਬਰਫ਼ ਨਾਲ ਢੱਕੀਆਂ ਪਹਾੜੀਆਂ | ਚਿੱਟਾ |

**6. ਨਕਸ਼ੇ ਨੂੰ ਪੜ੍ਹਨ ਲਈ ਪੈਮਾਨਾ ਸਾਡੀ ਕੀ ਮਦਦ ਕਰਦਾ ਹੈ**?

ਉੱਤਰ- ਅਸੀਂ ਨਕਸ਼ਿਆਂ 'ਤੇ ਹਜ਼ਾਰਾਂ ਕਿਲੋਮੀਟਰਾਂ ਦੀ ਦੂਰੀ ਨੂੰ ਨਹੀਂ ਦਿਖਾ ਸਕਦੇ। ਇਸ ਲਈ ਅਸੀਂ ਇਸ ਨੂੰ ਛੋਟੇ ਪੈਮਾਨੇ ਵਿੱਚ ਬਦਲ ਕੇ ਦਿਖਾਉਂਦੇ ਹਾਂ। ਉਦਾਹਰਣ ਲਈ ਅਸੀਂ ਧਰਾਤਲ ਦੀ **1000** ਕਿਲੋਮੀਟਰ ਦੀ ਦੂਰੀ ਨੂੰ **10** ਸੈਂਟੀਮੀਟਰ ਦੁਆਰਾ ਦਿਖਾ ਸਕਦੇ ਹਾਂ। ਇਸ ਤਰ੍ਹਾਂ ਜੋ ਪੈਮਾਨਾ ਬਣੇਗਾ ਉਹ ਹੋਵੇਗਾ- **1** ਸੈਂਟੀਮੀਟਰ= **100** ਕਿਲੋਮੀਟਰ। ਨਕਸ਼ੇ ਕਿਸੇ ਵੀ ਪੈਮਾਨੇ ਅਨੁਸਾਰ ਬਣਾਏ ਜਾ ਸਕਦੇ ਹਨ।

**7. ਨਕਸ਼ੇ ਵਿੱਚ ਨਕਸ਼ਾ ਸੰਕੇਤ ਦਾ ਕੀ ਮਹੱਤਵ ਹੈ**?

ਉੱਤਰ- ਨਕਸ਼ਿਆਂ ਵਿੱਚ ਸੜਕਾਂ**,** ਰੇਲਮਾਰਗਾਂ ਅਤੇ ਨਗਰਾਂ ਆਦਿ ਨੂੰ ਉਹਨਾਂ ਦੇ ਅਸਲੀ ਅਕਾਰ ਵਿੱਚ ਨਹੀਂ ਦਿਖਾਇਆ ਜਾ ਸਕਦਾ। ਇਹਨਾਂ ਨੂੰ ਦਿਖਾਉਣ ਲਈ ਸੰਕੇਤਾਂ ਦੀ ਵਰਤੋ ਕੀਤੀ ਜਾਂਦੀ ਹੈ। ਇਹਨਾਂ ਸੰਕੇਤਾਂ ਨੂੰ ਦੇਖ ਕੇ ਅਸੀਂ ਵੱਖ-ਵੱਖ ਸੜਕਾਂ ਅਤੇ ਸਥਾਨਾਂ ਦੀ ਸਥਿਤੀ ਬਾਰੇ ਪਤਾ ਕਰ ਸਕਦੇ ਹਾਂ।

**8. ਜਲ ਮੰਡਲ ਦੀ ਮਨੁੱਖ ਲਈ ਕੀ ਮਹੱਤਤਾ ਹੈ?**

ਉੱਤਰ- ਜਲ ਮੰਡਲ ਧਰਤੀ 'ਤੇ ਮੌਜੂਦ ਸਾਰਾ ਪਾਣੀ ਹੁੰਦਾ ਹੈ ਜਿਵੇਂ ਕਿ ਸਮੁੰਦਰ, ਨਦੀਆਂ, ਝੀਲਾਂ, ਬਰਫ਼ ਅਤੇ ਭੂਮੀਗਤ ਪਾਣੀ। ਇਹ ਮਨੁੱਖਾਂ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ-

1. ਮਨੁੱਖ, ਜੀਵ-ਜੰਤੂਆਂ ਅਤੇ ਪੇੜ-ਪੌਦਿਆਂ ਦੇ ਜਿਉਂਦੇ ਰਹਿਣ ਲਈ ਪਾਣੀ ਸਭ ਤੋਂ ਜ਼ਰੂਰੀ ਤੱਤ ਹੈ।
2. ਖੇਤੀਬਾੜੀ ਵਿੱਚ ਸਿੰਚਾਈ ਲਈ ਪਾਣੀ ਜ਼ਰੂਰੀ ਹੈ। ਪਾਣੀ ਦੇ ਬਿਨ੍ਹਾਂ ਪੈਦਾਵਾਰ ਸੰਭਵ ਨਹੀਂ ਹੁਦੀ।
3. ਕਈ ਉਦਯੋਗਾਂ ਵਿੱਚ ਪਾਣੀ ਨੂੰ ਕੱਚੇ ਮਾਲ ਵਾਂਗ ਵਰਤਿਆ ਜਾਂਦਾ ਹੈ।
4. ਰੋਜ਼ਾਨਾ ਜੀਵਨ ਵਿੱਚ ਨਹਾਉਣ, ਕੱਪੜੇ ਧੋਣ ਅਤੇ ਹੋਰ ਜ਼ਰੂਰਤਾਂ ਲਈ ਪਾਣੀ ਦੀ ਜ਼ਰੂਰਤ ਹੁੰਦੀ ਹੈ।
5. ਨਦੀਆਂ ਅਤੇ ਸਮੁੰਦਰੀ ਰਸਤੇ ਮਨੁੱਖਾਂ ਦੇ ਆਵਾਜਾਈ ਅਤੇ ਵਪਾਰ ਲਈ ਮਹੱਤਵਪੂਰਨ ਹਨ।
6. ਇਸ ਤੋਂ ਇਲਾਵਾ ਦਰਿਆ, ਝੀਲਾਂ ਅਤੇ ਸਾਗਰ, ਮੱਛੀਆਂ ਦੇ ਰੂਪ ਵਿੱਚ ਮਨੁੱਖ ਨੂੰ ਭੋਜਨ ਪ੍ਰਦਾਨ ਕਰਦੇ ਹਨ।

## ਭਾਗ-ਅ (ਇਤਿਹਾਸ)

**ਬਹੁ-ਵਿਕਲਪੀ ਪ੍ਰਸ਼ਨ:-**

**1. ਇਤਿਹਾਸ ਸ਼ਬਦ ਕਿਸ ਭਾਸ਼ਾ ਤੋਂ ਲਿਆ ਗਿਆ ਹੈ?**

**(ੳ) ਯੂਨਾਨੀ ਭਾਸ਼ਾ** (ਅ) ਲਾਤੀਨੀ ਭਾਸ਼ਾ (ੲ) ਰੂਸੀ ਭਾਸ਼ਾ (ਸ) ਅੰਗਰੇਜ਼ੀ ਭਾਸ਼ਾ

**2. ਪ੍ਰਾਚੀਨ ਕਾਲ ਦੇ ਨਿਯਮਾਂ ਅਤੇ ਕਾਨੂੰਨਾਂ ਬਾਰੇ ਲਿਖੀਆਂ ਪੁਸਤਕਾਂ ਨੂੰ ਕੀ ਕਿਹਾ ਜਾਂਦਾ ਹੈ?**

**(ੳ) ਧਰਮ ਸਾਸ਼ਤਰ** (ਅ) ਸਮਾਜ ਸਾਸ਼ਤਰ (ੲ) ਰਾਜਨੀਤੀ ਸਾਸ਼ਤਰ (ਸ)ਅਰਥ ਸ਼ਾਸਤਰ

**3. ਪ੍ਰਾਚੀਨ ਕਾਲ ਵਿੱਚ ਮਨੁੱਖ ਕਿੱਥੇ ਰਹਿੰਦਾ ਸੀ?**

(ੳ) ਘਰਾਂ ਵਿੱਚ **(ਅ) ਗੁਫਾਵਾਂ ਵਿੱਚ** (ੲ) ਮਹਿਲਾਂ ਵਿੱਚ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**4. ਮਨੁੱਖੀ ਜੀਵਨ ਦੇ ਲੰਬੇ ਕਾਲਾਂ ਨੂੰ ਕਿੰਨੇ ਕਾਲਾਂ ਵਿੱਚ ਵੰਡਿਆ ਗਿਆ ਹੈ?**

**(ੳ) ਦੋ** (ਅ) ਤਿੰਨ (ੲ) ਚਾਰ (ਸ) ਪੰਜ

**5. ਪ੍ਰਾਚੀਨ ਕਾਲ ਵਿੱਚ ਭੂਮੀ ਨੂੰ ਖਰੀਦਣ ਅਤੇ ਵੇਚਣ ਲਈ ਕਿਸ ਦੀ ਵਰਤੋਂ ਕੀਤੀ ਜਾਂਦੀ ਸੀ?**

**(ੳ) ਤਾਮਰ ਪੱਤਰਾਂ ਦੀ** (ਅ) ਅਸ਼ਟਗਾਂ ਦੀ (ੲ) ਸੋਨੇ ਦੀ (ਸ) ਚਾਂਦੀ ਦੀ

**6. ਆਦਿ ਮਨੁੱਖ ਨੇ ਨੁਕੀਲੇ ਪੱਥਰਾਂ ਅਤੇ ਰੰਗਾਂ ਦੀ ਸਹਾਇਤਾ ਨਾਲ ਕੀ ਬਣਾਇਆ?**

(ੳ) ਘਰ ਦੇ ਚਿੱਤਰ (ਅ) ਸਮੁੰਦਰ ਦੇ ਚਿੱਤਰ **(ੲ) ਸ਼ਿਕਾਰ ਦੇ ਚਿੱਤਰ** (ਸ) ਰੁੱਖਾਂ ਦੇ ਚਿੱਤਰ

**7. ਮੱਧ-ਪੱਥਰ ਯੁੱਗ ਦੀ ਸ਼ੈਲ ਚਿੱਤਰਕਾਰੀ ਅਜੋਕੇ ਭਾਰਤ ਦੇ ਕਿਹੜੇ ਰਾਜ ਵਿੱਚ ਮਿਲਦੀ ਹੈ?**

(ੳ) ਉੱਤਰ ਪ੍ਰਦੇਸ਼ **(ਅ) ਮੱਧ ਪ੍ਰਦੇਸ਼** (ੲ) ਹਿਮਾਚਲ ਪ੍ਰਦੇਸ਼ (ਸ) ਪੰਜਾਬ

**8. ਪੁਰਾਤਨ ਪੱਥਰ ਯੁੱਗ ਨੂੰ ਅੰਗਰੇਜ਼ੀ ਵਿੱਚ ਕੀ ਕਿਹਾ ਜਾਂਦਾ ਹੈ?**

(ੳ) ਮੈਸੋਲਿਥਿਕ ਪੀਰੀਅਡ **(ਅ) ਪੈਲੀਓਲਿਥਿਕ ਪੀਰੀਅਡ** (ੲ) ਨਿਉਲਿਥਿਕ ਯੁੱਗ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**9. ਆਦਿ-ਮਾਨਵ ਨੇ ਕਿਹੜੀ ਖੋਜ ਕੀਤੀ ਸੀ?**

**(ੳ) ਪਹੀਏ ਦੀ** (ਅ) ਮੋਬਾਇਲ ਦੀ (ੲ) ਟੈਲੀਫ਼ੋਨ ਦੀ (ਸ) ਟੈਲੀਵਿਜ਼ਨ ਦੀ

**10. ਅੱਗ ਦੀ ਖੋਜ ਕਿਸਨੇ ਕੀਤੀ ਸੀ?**

(ੳ) ਵਿਗਿਆਨੀਆਂ ਨੇ **(ਅ) ਆਦਿ ਮਾਨਵ ਨੇ** (ੲ) ਇੰਜੀਨੀਅਰਾਂ ਨੇ (ਸ) ਡਾਕਟਰ ਨੇ

**11. ਸਿੰਧੂ ਘਾਟੀ ਦੇ ਲੋਕਾਂ ਦੇ ਕਿਸ ਦੇਸ਼ ਨਾਲ ਵਪਾਰਿਕ ਸੰਬੰਧ ਸਨ?**

**(ੳ) ਮੈਸੋਪੋਟਾਮੀਆ** (ਅ) ਮਿਸਰ (ੲ) ਚੀਨ (ਸ)ਯੂਰਪ

**12. ਨੀਲ ਨਦੀ ਦੀ ਘਾਟੀ ਕਿੱਥੇ ਸਥਿੱਤ ਸੀ?**

**(ੳ) ਮਿਸਰ** (ਅ) ਭਾਰਤ (ੲ) ਚੀਨ (ਸ) ਈਰਾਨ

**13. ਸਿੰਧ ਘਾਟੀ ਦੀ ਸੱਭਿਅਤਾ ਦੀ "ਲੋਥਲ" ਬੰਦਰਗਾਹ ਕਿਸ ਰਾਜ ਵਿੱਚ ਸਥਿੱਤ ਸੀ?**

**(ੳ) ਗੁਜਰਾਤ** (ਅ) ਪੰਜਾਬ (ੲ) ਰਾਜਸਥਾਨ (ਸ) ਉੱਤਰ ਪ੍ਰਦੇਸ਼

**14. ਯੂਨਾਨੀਆਂ ਨੂੰ ਕਪਾਹ ਦੀ ਜਾਣਕਾਰੀ ਕਿਸ ਦੇਸ਼ ਤੋਂ ਪ੍ਰਾਪਤ ਹੋਈ?**

(ੳ) ਚੀਨ **(ਅ) ਭਾਰਤ** (ੲ) ਮਿਸਰ (ਸ) ਅਮਰੀਕਾ

**15. ਮਿਸਰ ਦੀ ਸੱਭਿਅਤਾ ਕਿਸ ਨਦੀ ਦੇ ਕੰਢੇ 'ਤੇ ਪ੍ਰਫੁੱਲਿਤ ਹੋਈ?**

**(ੳ) ਨੀਲ ਨਦੀ** (ਅ) ਰਾਵੀ ਨਦੀ (ੲ) ਸਿੰਧ ਨਦੀ (ਸ) ਗੰਗਾ ਨਦੀ

**16. ਸ਼ਕਤੀਸਾਲੀ ਰਾਜਿਆਂ ਨੂੰ ਕੀ ਕਿਹਾ ਜਾਂਦਾ ਸੀ?**

(ੳ) ਰਾਜਨ **(ਅ) ਸਮਰਾਟ** (ੲ) ਮੰਤਰੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**17. ਵੈਦਿਕ ਕਾਲ ਸਮੇਂ ਗਣਿਤ ਦੀਆਂ ਕਿਹੜੀਆਂ ਸ਼ਾਖਾਵਾਂ ਉੱਨਤ ਸਨ?**

(ੳ) ਰੇਖਾ ਗਣਿਤ (ਅ) ਤਿਕੋਣ-ਮਿਤੀ **(ੲ) 'ੳ' ਅਤੇ 'ਅ' ਦੋਵੇਂ** (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**18. ਵੈਦਿਕ ਕਾਲ ਵਿੱਚ ਰਾਜੇ ਦੇ ਸਲਾਹਕਾਰ ਨੂੰ ਕਿਸ ਨਾਂ ਨਾਲ ਪੁਕਾਰਿਆ ਜਾਂਦਾ ਸੀ?**

(ੳ) ਗ੍ਰਾਮਣੀ (ਅ) ਸੈਨਾਨੀ (ੲ) ਪ੍ਰੋਹਿਤ **(ਸ)ਉਪਰੋਕਤ ਸਾਰੇ**

**19. ਵੈਦਿਕ ਕਾਲ ਵਿੱਚ ਕਿਸ ਨਦੀ ਨੂੰ ਸਭ ਤੋਂ ਪਵਿੱਤਰ ਮੰਨਿਆ ਜਾਂਦਾ ਸੀ?**

(ੳ) ਜਮੁਨਾ **(ਅ) ਸਰਸਵਤੀ** (ੲ) ਗੰਗਾ (ਸ) ਯਮੁਨਾ

**20. ਬਿੰਬੀਸਾਰ ਕਿਸ ਪ੍ਰਦੇਸ਼ ਦਾ ਸ਼ਾਸਕ ਸੀ?**

(ੳ) ਕੰਧਾਰ **(ਅ) ਮਗਧ** (ੲ) ਅਵਧ (ਸ) ਆਵੰਤੀ

**21. ਅਜਾਤਸ਼ਤਰੂ ਨੇ ਆਪਣੀ ਨਵੀਂ ਰਾਜਧਾਨੀ ਕਿਸ ਪ੍ਰਦੇਸ਼ ਨੂੰ ਬਣਾਇਆ?**

(ੳ) ਵੈਸ਼ਾਲੀ **(ਅ) ਪਾਟਲੀਪੁੱਤਰ** (ੲ) ਰਾਜਗ੍ਰਿਹਿ (ਸ) ਕੰਧਾਰ

**22. ਮਹਾਤਮਾ ਬੁੱਧ ਦਾ ਜਨਮ ਕਿੱਥੇ ਹੋਇਆ?**

**ੳ) ਲੁੰਬਿਨੀ** (ਅ) ਅਯੁੱਧਿਆ (ੲ) ਵੈਸ਼ਾਲੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**23. ਜੈਨ ਧਰਮ ਦੇ ਕਿੰਨ੍ਹੇ ਤੀਰਥੰਕਰ ਹੋਏ ਸਨ?**

**(ੳ) 24** (ਅ) 26 (ੲ) 22 (ਸ) 30

**24. ਸ਼ਿਸ਼ੂਨਾਗ ਨੇ ਹਰਿਅੰਕ ਵੰਸ਼ 'ਤੇ ਕਦੋਂ ਜਿੱਤ ਪ੍ਰਾਪਤ ਕੀਤੀ?**

**(ੳ) 414 ਈ.ਪੂ** (ਅ) 441 ਈ.ਪੂ. (ੲ) 431 ਈ.ਪੂ. (ਸ) 451ਈ.ਪੂ

**25. ਮੈਂਗਸਥਨੀਜ਼ ਦੀ ਪੁਸਤਕ ਦਾ ਕੀ ਨਾਮ ਸੀ ?**

(ੳ) ਅਰਥ ਸ਼ਾਸਤਰ **(ਅ) ਇੰਡਿਕਾ** (ੲ) ਵਿਆਕਰਨ (ਸ) ਰਾਜਗ੍ਰਿਹਿ

**26. ਅਸ਼ੋਕ ਨੇ ਆਪਣੇ ਪੁੱਤਰ ਮਹਿੰਦਰ ਅਤੇ ਪੁੱਤਰੀ ਸੰਘਮਿੱਤਰਾ ਨੂੰ ਬੁੱਧ ਧਰਮ ਦੇ ਪ੍ਰਚਾਰ ਲਈ ਕਿਸ ਦੇਸ਼ ਵਿੱਚ ਭੇਜਿਆ?**

(ੳ) ਬਰਮਾ (ਅ) ਚੀਨ **(ੲ) ਸ੍ਰੀਲੰਕਾ** (ਸ) ਮਿਸਰ

**27 "ਸਾਂਚੀ ਦਾ ਸਤੂਪ" ਕਿਸ ਰਾਜ ਵਿੱਚ ਬਣਾਇਆ ਗਿਆ?**

(ੳ) ਉੱਤਰ ਪ੍ਰਦੇਸ਼ **(ਅ) ਮੱਧ ਪ੍ਰਦੇਸ਼** (ੲ) ਬਿਹਾਰ (ਸ) ਗੁਜਰਾਤ

**28. ਅਸ਼ੋਕ ਕਦੋਂ ਰਾਜਾ ਬਣਿਆ?**

**(ੳ) 273 ਈ. ਪੂ** (ਅ) 283 ਈ. ਪੂ (ੲ) 275 ਈ. ਪੂ (ਸ) 270ਈ.ਪੂ

**29. ਅਸ਼ੋਕ ਨੇ ਕਲਿੰਗ ਯੁੱਧ ਦੇ ਪਿੱਛੋਂ ਕਿਹੜਾ ਧਰਮ ਅਪਣਾਇਆ?**

**(ੳ) ਬੁੱਧ** (ਅ) ਹਿੰਦੂ (ੲ) ਇਸਲਾਮ (ਸ) ਸਿੱਖ

**30. ਕਨਿਸ਼ਕ ਕਿਸ ਵੰਸ਼ ਦਾ ਪ੍ਰਸਿੱਧ ਰਾਜਾ ਸੀ?**

(ੳ) ਮੌਰੀਆ **(ਅ) ਕੁਸ਼ਾਨ** (ੲ) ਸਾਤਵਾਹਨ (ਸ) ਮੁਗਲ

**31. ਪਾਨ ਚਾਓ ਕਿੱਥੋਂ ਦਾ ਸੈਨਾਪਤੀ ਸੀ?**

**(ੳ) ਚੀਨ** (ਅ) ਰੂਸ (ੲ) ਮਿਸਰ (ਸ) ਸ੍ਰੀਲੰਕਾ

**32. ਚੇਰ ਵੰਸ਼ ਦੀ ਰਾਜਧਾਨੀ ਕਿਹੜੀ ਸੀ?**

(ੳ) ਕੋਚੀਨ **(ਅ) ਵੰਜ਼ੀ** (ੲ) ਮਾਲਾਬਾਰ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**33. ਭਾਰਤ ਦੇ ਕਿਸ ਰਾਜ ਵਿੱਚ ਈਸਾਈ-ਭਾਰਤੀ ਭਾਈਚਾਰਾ ਰਹਿੰਦਾ ਸੀ?**

**(ੳ) ਕੇਰਲ** (ਅ) ਬਿਹਾਰ (ੲ) ਪੰਜਾਬ (ਸ) ਉੱਤਰ ਪ੍ਰਦੇਸ਼

**34. ਸਮਰਾਟ ਮਿਲਿੰਦ ਨੇ ਕਿਸ ਧਰਮ ਨੂੰ ਅਪਣਾਇਆ ਸੀ?**

(ੳ) ਜੈਨ (ਅ) ਬੁੱਧ (ੲ) ਹਿੰਦੂ (ਸ) ਇਸਲਾਮ

**35. "ਅਜੰਤਾ" ਦੀਆਂ ਗੁਫਾਵਾਂ ਕਿਸ ਰਾਜ ਵਿੱਚ ਸਥਿੱਤ ਹਨ?**

(ੳ) ਗੁਜਰਾਤ (ਅ) ਮਹਾਂਰਾਸ਼ਟਰ (ੲ) ਮੱਧ ਪ੍ਰਦੇਸ਼ (ਸ)ਬਿਹਾਰ

**36. "ਵਿਸ਼ਯ" ਕਿਸ ਨੂੰ ਕਿਹਾ ਜਾਂਦਾ ਸੀ?**

(ੳ) ਜ਼ਿਲ੍ਹਿਆਂ ਨੂੰ (ਅ) ਪ੍ਰਦੇਸ਼ ਨੂੰ (ੲ) ਪੂਰੇ ਰਾਜ ਨੂੰ (ਸ) ਪਿੰਡਾਂ ਨੂੰ

**37. ਗੁਪਤ ਕਾਲ ਵਿੱਚ ਸੋਨੇ ਦੇ ਸਿੱਕਿਆਂ ਨੂੰ ਕੀ ਕਿਹਾ ਜਾਂਦਾ ਸੀ?**

(ੳ) ਦੀਨਾਰ (ਅ) ਨਿਗਮ (ੲ) ਟਕਾ (ਸ) ਕਰੰਸੀ

**38. ਨਾਟਕ "ਸ਼ਕੁੰਤਲਾ" ਅਤੇ " ਮਹਾਂ-ਕਾਵਿ ਮੇਘਦੂਤ" ਕਿਸ ਦੁਆਰਾ ਲਿਖਿਆ ਗਿਆ?**

(ੳ) ਹਰੀਸੇਨ (ਅ) ਕਾਲੀਦਾਸ (ੲ) ਅਮਰ ਸਿੰਘ (ਸ) ਤੁਲਸੀ ਦਾਸ

**39. ਚੰਦਰਗੁਪਤ ਕਿਸ ਦਾ ਭਗਤ ਸੀ?**

(ੳ) ਕ੍ਰਿਸ਼ਨ (ਅ) ਸ਼ਿਵ (ੲ) ਵਿਸ਼ਨੂੰ (ਸ) ਰਾਮ

**40. "ਨਾਲੰਦਾ ਵਿਸ਼ਵ ਵਿਦਿਆਲਾ" ਕਿਸ ਰਾਜ ਵਿੱਚ ਸੀ?**

(ੳ) ਉੱਤਰ ਪ੍ਰਦੇਸ਼ (ਅ) ਬਿਹਾਰ (ੲ) ਕਸ਼ਮੀਰ (ਸ) ਗੁਜਰਾਤ

**41. ਕਨੌਜ ਵਿੱਚ ਬੋਧ ਸਭਾ ਕਿਸ ਦੀ ਪ੍ਰਧਾਨਗੀ ਹੇਠ ਹੋਈ?**

(ੳ) ਹਰਸ਼ਵਰਧਨ (ਅ) ਹਿਊਨਸਾਂਗ (ੲ) ਬਾਣਭੱਟ (ਸ)ਮੈਂਗਸਥਨੀਜ਼

**42. ਹਰਸ਼ਵਰਧਨ ਨੇ ਰਾਜਗੱਦੀ ਤੇ ਬੈਠਣ ਤੋਂ ਬਾਅਦ ਕਿਸਨੂੰ ਆਪਣੀ ਰਾਜਧਾਨੀ ਬਣਾਇਆ?**

(ੳ) ਨਾਲੰਦਾ (ਅ) ਕਨੌਜ (ੲ) ਥਾਨੇਸਰ (ਸ) ਦਿੱਲੀ

**43. ਇਹਨਾਂ ਵਿੱਚੋ ਕੌਣ ਹਰਸ਼ਵਰਧਨ ਦਾ ਸ਼ਾਹੀ ਮਹਿਮਾਨ ਬਣਕੇ ਰਿਹਾ?**

(ੳ) ਬਾਣਭੱਟ (ਅ) ਗ੍ਰਹਿਵਰਮਨ (ੲ) ਹਿਊਨਸਾਂਗ (ਸ)ਮੈਂਗਸਥਨੀਜ਼

**44. ਪੁਸ਼ਿਆਭੂਤੀ ਵੰਸ਼ ਦੀ ਮੁੱਢਲੀ ਰਾਜਧਾਨੀ ਕਿਹੜੀ ਸੀ?**

(ੳ) ਨਾਲੰਦਾ (ਅ) ਕਨੌਜ (ੲ) ਸਥਾਨੇਸ਼ਵਰ (ਸ) ਕਸ਼ਮੀਰ

**45. ਪੱਲਵ ਸ਼ਾਸਕ ਮਹਿੰਦਰ ਵਰਮਨ ਪਹਿਲੇ ਦੇ ਪੁੱਤਰ ਦਾ ਕੀ ਨਾਮ ਸੀ?**

(ੳ) ਸਿੰਘਵਰਮਨ (ਅ) ਨਰਸਿੰਘ ਵਰਮਨ ਪਹਿਲਾ (ੲ) ਪੁਲਕੇਸ਼ਿਨ ਦੂਜਾ (ਸ) ਕੀਰਤੀ ਵਰਮਨ

**46. ਇਹਨਾਂ ਵਿੱਚੋਂ ਕਿਹੜਾ ਮੰਦਰ ਚਾਲੂਕਿਆ ਦੁਆਰਾ ਨਹੀਂ ਬਣਾਇਆ ਗਿਆ?**

(ੳ) ਵੀਰੂਪਾਕਸ਼ ਮੰਦਰ (ਅ) ਕੈਲਾਸ਼ਨਾਥ ਮੰਦਰ (ੲ) ਪੰਪਨਾਥ ਮੰਦਰ (ਸ) ਸੋਮਨਾਥ ਮੰਦਰ

**47. ਵਤਾਪੀ (ਅਜਕਲ੍ਹ ਬਦਾਮੀ) ਕਿੱਥੇ ਸਥਿੱਤ ਹੈ?**

(ੳ) ਆਂਧਰਾ ਪ੍ਰਦੇਸ਼ (ਅ) ਤਾਮਿਲਨਾਡੂ (ੲ) ਕਰਨਾਟਕ (ਸ) ਪੰਜਾਬ

**48. ਨਰਸਿੰਘ ਵਰਮਨ ਪਹਿਲਾ ਕਿਸਦਾ ਪੁੱਤਰ ਸੀ?**

(ੳ) ਸਿੰਘ ਵਰਮਨ (ਅ) ਕੀਰਤੀ ਵਰਮਨ (ੲ) ਮਹਿੰਦਰ ਵਰਮਨ ਪਹਿਲਾ (ਸ) ਪੁਲਕੇਸ਼ਿਨ ਵਰਮਨ

**49. ਇਹਨਾਂ ਵਿੱਚੋਂ ਸਮੁੰਦਰ ਕੰਢੇ ਕਿਹੜਾ ਸਥਾਨ ਹੈ?**

(ੳ) ਮਹਾਂਬਲੀਪੁਰਮ (ਅ) ਕਾਂਚੀਪੁਰਮ (ੲ) ਪੰਪਨਾਥ (ਸ) ਵੀਰੂਪਾਕਸ਼ ਮੰਦਰ

**50. ਚੀਨ ਨੂੰ ਯੂਰਪ ਨਾਲ ਜੋੜਨ ਵਾਲੇ ਮਾਰਗ ਨੂੰ ਕੀ ਕਿਹਾ ਜਾਂਦਾ ਸੀ?**

(ੳ) ਜਲ-ਮਾਰਗ (ਅ) ਰੇਸ਼ਮੀ-ਮਾਰਗ (ੲ) ਥਲ-ਮਾਰਗ (ਸ)ਸੜਕ ਮਾਰਗ

**51. 600 ਈ. ਪੂ. ਈਰਾਨ ਵਿੱਚ ਕਿਸ ਵੰਸ਼ ਦਾ ਸ਼ਾਸਨ ਸੀ?**

(ੳ) ਏਚੈਮੀਨਿਡ (ਅ) ਪੁਹਾਰ (ੲ) ਪਲਿਨੀ (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**52. ਰੋਮ ਦਾ ਪ੍ਰਸਿੱਧ ਲੇਖਕ ਕੌਣ ਸੀ?**

(ੳ) ਹਿਊਨਸਾਂਗ (ਅ) ਹਰੀਸੇਨ (ੲ) ਪਲਿਨੀ (ਸ) ਮੈਗਸਥਨੀਜ਼

**53. ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਕਿਸ ਖੋਜ ਨੂੰ ਉਤਸ਼ਾਹਿਤ ਕੀਤਾ?**

**(ੳ) ਜਹਾਜ਼ ਬਣਾਉਣ ਨੂੰ** (ਅ) ਸ਼ਰਾਬ ਬਣਾਉਣ ਨੂੰ (ੲ) ਮੰਦਰ ਬਣਾਉਣ ਨੂੰ (ਸ) ਸਮਾਰਕ ਬਣਾਉਣ ਨੂੰ

**54. ਇੰਡੋਨੇਸ਼ੀਆ ਭਾਸ਼ਾ ਵਿੱਚ ਕਿਸ ਭਾਸ਼ਾ ਦੇ ਸ਼ਬਦ ਸ਼ਾਮਿਲ ਹਨ?**

**(ੳ) ਤਾਮਿਲ ਅਤੇ ਸੰਸਕ੍ਰਿਤ** (ਅ) ਅਰਬੀ ਅਤੇ ਸੰਸਕ੍ਰਿਤ (ੲ) ਤਾਮਿਲ ਅਤੇ ਅਰਬੀ (ਸ) ਸੰਸਕ੍ਰਿਤਿ ਅਤੇ ਹਿੰਦੀ

**ਇੱਕ ਅੰਕ ਵਾਲੇ ਪ੍ਰਸ਼ਨ: (ਖਾਲੀ ਥਾਵਾਂ ਭਰੋ)**

**1.** ਇਤਿਹਾਸ **ਅਤੀਤ** ਦਾ ਅਧਿਐਨ ਹੈ।

**2.** ਕੋਟੱਲਿਆ ਦੁਆਰਾ **ਅਰਥ-ਸ਼ਾਸਤਰ** ਨਾਂ ਦੀ ਪੁਸਤਕ ਲਿਖੀ ਗਈ।

**3.** ਪੁਸਤਕਾਂ, ਸਾਹਿਤਕ ਸ੍ਰੋਤ, ਪ੍ਰਾਚੀਨ ਖੇਤਰ ਅਤੇ ਵਸਤਾਂ **ਇਤਿਹਾਸਕ** ਸ੍ਰੋਤ ਅਖਵਾਉਂਦੇ ਹਨ।

**4.** ਪੰਜਾਬ ਵਿੱਚ **ਸੰਘੋਲ, ਰੋਹੀੜਾ, ਸੁਨੇਤ ਅਤੇ ਕੋਟਲਾ ਨਿਹੰਗ ਖਾਂ** ਵਿੱਚ ਇਸ ਸੱਭਿਅਤਾ ਦੇ ਅਵਸ਼ੇਸ਼ ਮਿਲੇ ਹਨ।

**5.** ਇੱਕ ਵੱਡਾ **ਇਸ਼ਨਾਨ-ਘਰ** ਭਵਨ ਮੋਹਿੰਜੋਦੜੋ ਵਿਖੇ ਮਿਲਿਆ ਹੈ।

**6.** ਮਰਦ ਅਤੇ ਇਸਤਰੀਆਂ ਦੋਵੇਂ **ਗਹਿਣਿਆਂ** ਅਤੇ **ਫੈਸ਼ਨ** ਦੇ ਸ਼ੌਕੀਨ ਸਨ।

**7.** ਆਰੰਭਿਕ ਵੈਦਿਕ ਕਾਲ ਵਿੱਚ ਛੋਟੇ-ਛੋਟੇ **ਕਬੀਲੇ** ਰਾਜ ਕਰਦੇ ਸਨ।

**8.** ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ, ਜਿੰਨ੍ਹਾਂ ਨੂੰ **ਵਰਣ** ਕਿਹਾ ਜਾਂਦਾ ਸੀ।

**9.** ਵੈਦਿਕ ਲੋਕਾਂ ਦਾ ਮੁੱਖ ਭੋਜਨ **ਕਣਕ, ਚਾਵਲ** ਅਤੇ **ਦਾਲਾਂ** ਸਨ।

**10.** ਵੈਦਿਕ ਲੋਕ **ਖੇਡਾਂ ਦੇ** ਬਹੁਤ ਸ਼ੋਕੀਨ ਸਨ।

**11.** ਬਿੰਬੀਸਾਰ ਨੇ 543 **ਈ:ਪੂ.** ਤੋਂ 492 **ਈ: ਪੂ.** ਤੱਕ ਰਾਜ ਕੀਤਾ।

**12.** **ਖੇਤੀਬਾੜੀ** ਅਤੇ **ਪਸ਼ੂ ਪਾਲਣ** ਲੋਕਾਂ ਦਾ ਮੁੱਖ ਕਿੱਤਾ ਸੀ।

**13.** ਜੈਨ ਧਰਮ ਦੇ ਕੁੱਲ **24** ਤੀਰਥੰਕਰ ਹੋਏ ਹਨ।

**14.** ਗੌਤਮ ਬੁੱਧ ਦਾ ਅਸਲ ਨਾਂ **ਸਿਧਾਰਥ** ਸੀ।

**15.** ਭਗਵਾਨ ਮਹਾਂਵੀਰ ਜੀ ਨੇ ਲਗਭਗ 30 ਸਾਲਾਂ ਤੱਕ ਗ੍ਰਹਿਸਥੀ ਜੀਵਨ ਬਤੀਤ ਕੀਤਾ।

**16.** ਮੈਗਸਥਨੀਜ਼, **ਸੈਲਯੂਕਸ ਨਿਕਾਤੋਰ** ਦਾ ਯੂਨਾਨੀ ਰਾਜਦੂਤ ਸੀ।

**17.** ਕੋਟੱਲਿਆ ਦੇ **ਅਰਥ ਸ਼ਾਸ਼ਤਰ** ਅਤੇ ਮੈਗਸਥਨੀਜ਼ ਦੀ **ਇੰਡੀਕਾ** ਪੁਸਤਕ ਤੋਂ ਸਾਨੂੰ ਮੌਰੀਆ ਸਾਮਰਾਜ ਦੇ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।

**18.** ਮੱਧ ਪ੍ਰਦੇਸ਼ ਵਿੱਚ **ਸਾਂਚੀ** ਦਾ ਸਤੂਪ ਬਹੁਤ ਪ੍ਰਸਿੱਧ ਹੈ।

**19.** ਸਾਤਵਾਹਨ ਰਾਜੇ **ਹਿੰਦੂ ਧਰਮ** ਦੇ ਅਨੁਯਾਈ ਸਨ।

**20.** ਪਾਂਡਯ ਰਾਜ ਦੀ ਰਾਜਧਾਨੀ **ਮਦੁਰਾਇ** ਸੀ।

**21.** ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ **ਕਨਿਸ਼ਕ** ਸੀ।

**22.** ਚੰਦਰਗੁਪਤ ਦੂਜੇ ਨੇ ਬਹੁਤ ਵੱਡੀ ਮਾਤਰਾ ਵਿੱਚ **ਸੋਨੇ, ਚਾਂਦੀ** ਅਤੇ **ਤਾਂਬੇ** ਦੇ ਸਿੱਕੇ ਜਾਰੀ ਕੀਤੇ।

**23.** ਜ਼ਿਲ੍ਹਿਆਂ ਨੂੰ **ਵਿਸ਼ਯ** ਕਹਿੰਦੇ ਸਨ।

**24.** ਕਾਲੀਦਾਸ ਦੁਆਰਾ ਲਿਖਿਆ ਨਾਟਕ **ਸ਼ਕੁੰਤਲਾ** ਅਤੇ ਮਹਾਂਕਾਵਿ **ਮੇਘਦੂਤ** ਬਹੁਤ ਪ੍ਰਸਿੱਧ ਹਨ।

**25.** ਹਰਸ਼ਵਰਧਨ ਨੇ **ਕੰਨੌਜ** ਨੂੰ ਆਪਣੀ ਰਾਜਧਾਨੀ ਬਣਾਇਆ।

**26.** ਪ੍ਰਸਿੱਧ ਚੀਨੀ ਯਾਤਰੀ **ਹਿਊਨਸਾਂਗ** ਹਰਸ਼ਵਰਧਨ ਦੇ ਸਮੇਂ ਭਾਰਤ ਵਿੱਚ ਆਇਆ।

27. ਹਰਸ਼ਵਰਧਨ ਦੀਆਂ ਸਫਲਤਾਵਾਂ ਦਾ ਵਰਨਣ, ਉਸ ਦੇ ਦਰਬਾਰੀ ਕਵੀ **ਬਾਣਭੱਟ ਨੇ ਹਰਸ਼ਚਰਿਤ** ਨਾਮ ਦੀ ਪੁਸਤਕ ਵਿੱਚ ਕੀਤਾ ਹੈ।

28. ਚਾਲੂਕਿਆ ਵੰਸ਼ ਦੇ **ਪੁਲਕੇਸ਼ਿਨ ਦੂਜਾ** ਅਤੇ **ਕੀਰਤੀਵਰਮਨ** ਪ੍ਰਸਿੱਧ ਰਾਜੇ ਸਨ।

29. ਪੱਲਵਾਂ ਦੀ ਰਾਜਧਾਨੀ ਤਾਮਿਲਨਾਡੂ ਵਿੱਚ ਚੇਨੱਈ ਦੇ ਕੋਲ **ਕਾਂਚੀਪੁਰਮ** ਸੀ।

30. ਅਸ਼ੋਕ ਅਤੇ ਕਨਿਸ਼ਕ ਸ਼ਾਸਕਾਂ ਦੇ ਰਾਜਕਾਲ ਸਮੇਂ ਬੋਧੀ ਭਿਕਸ਼ੂਆਂ ਨੂੰ ਬੁੱਧ ਧਰਮ ਦਾ ਪ੍ਰਚਾਰ ਕਰਨ ਲਈ ਸ੍ਰੀਲੰਕਾ, ਬਰਮਾ, ਚੀਨ ਅਤੇ **ਮੱਧ ਏਸ਼ੀਆ** ਵਿੱਚ ਭੇਜਿਆ ਗਿਆ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ ਜਾਂ ਗਲਤ ਲਿਖੋ:-**

1. ਅੱਗ ਦੀ ਖੋਜ ਇੱਕ ਵਿਗਿਆਨੀ ਨੇ ਕੀਤੀ।**(ਗਲਤ)**
2. ਪੱਥਰ ਯੁੱਗ ਦੀ ਗੁਫਾ ਚਿੱਤਰਕਾਰੀ ਬਹੁਤ ਸਾਰੇ ਸਥਾਨਾਂ ਤੋਂ ਮਿਲਦੀ ਹੈ।**(ਸਹੀ)**
3. ਨਵ-ਪੱਥਰ ਯੁੱਗ ਦਾ ਅਰਥ ਆਧੁਨਕਿ ਸਮਾਂ ਹੈ।**(ਗਲਤ)**
4. ਪਰੂਸ਼ਣੀ ਇੱਕ ਨਦੀ ਦਾ ਨਾਂ ਹੈ।**(ਸਹੀ)**
5. ਵੈਦਿਕ ਕਾਲ ਵਿੱਚ ਇੰਦਰ ਵਰਖਾ ਦਾ ਦੇਵਤਾ ਸੀ।**(ਸਹੀ)**
6. ਸੈਲਯੂਕਸ ਨੇ ਚੰਦਰਗੁਪਤ ਮੌਰੀਆ ਨੂੰ ਹਰਾਇਆ।**(ਗਲਤ)**
7. ਅਸ਼ੋਕ ਨੇ ਲੋਹੇ ਦੇ ਵਿਸ਼ਾਲ ਸਤੰਭ ਬਣਵਾਏ।**(ਗਲਤ)**
8. ਅਸ਼ੋਕ ਨੇ ਕਲਿੰਗ ਯੁੱਧ ਪਿੱਛੋਂ ਬੁੱਧ ਧਰਮ ਅਪਣਾ ਲਿਆ।**(ਸਹੀ)**
9. ਚੰਦਰ ਗੁਪਤ ਨੇ ਸੁਦਰਸ਼ਨ ਝੀਲ ਦਾ ਨਿਰਮਾਣ ਕਰਵਾਇਆ।**(ਸਹੀ)**
10. ਗੌਤਮੀ ਪੁੱਤਰ ਸ਼ਾਤਕਰਣੀ ਨੇ 106 ਈ. ਤੋਂ 131 ਈ. ਤੱਕ ਰਾਜ ਕੀਤਾ।**(ਗਲਤ)**
11. ਸੰਗੀਤ, ਨਾਚ, ਕਾਵਿ-ਉਚਾਰਣ ਅਤੇ ਜੂਆ ਮਨੋਰੰਜਨ ਦੀਆਂ ਪ੍ਰਸਿੱਧ ਕਿਸਮਾਂ ਸਨ।**(ਸਹੀ)**
12. ਗੋਡੋਫ਼ਰਨੀਜ਼ ਇੱਕ ਸ਼ਕ ਰਾਜਾ ਸੀ।**(ਗਲਤ)**
13. ਕਨਿਸ਼ਕ ਨੇ ਚੌਥੀ ਬੋਧੀ ਸਭਾ ਬੁਲਾਈ ਸੀ। **(ਸਹੀ)**
14. ਮਹਾਰਾਜਾ ਗੁਪਤ, ਗੁਪਤ ਵੰਸ਼ ਦਾ ਪਹਿਲਾ ਰਾਜਾ ਸੀ।**(ਸਹੀ)**
15. ਵਿਕਰਮਾਦਿਤਿਆ, ਸਮੁੰਦਰ ਗੁਪਤ ਦੀ ਉਪਾਧੀ ਸੀ।**(ਗਲਤ)**
16. ਫ਼ਾਹਿਯਾਨ ਯੂਨਾਨੀ ਲੇਖਕ ਸੀ।**(ਗਲਤ)**
17. ਆਰੀਆਭੱਟ ਇੱਕ ਪ੍ਰਸਿੱਧ ਵਿਗਿਆਨੀ ਸੀ।**(ਸਹੀ)**
18. ਹਰਸ਼ਵਰਧਨ 606 ਈ: ਵਿੱਚ ਰਾਜਗੱਦੀ ਤੇ ਬੈਠਿਆ।**(ਸਹੀ)**
19. ਪੁਲਕੇਸ਼ਿਨ ਦੂਜਾ ਬਿਹਾਰ ਦਾ ਰਾਜਾ ਸੀ।**(ਗਲਤ)**
20. ਰਾਜਵਰਧਨ, ਹਰਸ਼ਵਰਧਨ ਦਾ ਪਿਤਾ ਸੀ।**(ਗਲਤ)**
21. ਕਾਂਚੀਪੁਰਮ ਚਾਲੂਕਿਆਂ ਦੀ ਰਾਜਧਾਨੀ ਸੀ।**(ਗਲਤ)**
22. ਕੈਲਾਸ਼ਨਾਥ ਮੰਦਰ ਪੱਲਵਾਂ ਨੇ ਬਣਵਾਇਆ ਸੀ। **(ਸਹੀ)**
23. ਭਾਰਤ ਦੇ ਮਿਸਰ ਨਾਲ ਕੋਈ ਸੰਬੰਧ ਨਹੀਂ ਸਨ।**(ਗਲਤ)**
24. ਬੁੱਧ ਦੀਆਂ ਪੱਥਰ ਤਰਾਸ਼ੀ ਦੀਆਂ ਵੱਡੀਆਂ ਮੂਰਤੀਆਂ ਬਾਮੀਆਨ (ਅਫ਼ਗਾਨਿਸਤਾਨ) ਵਿਖੇ ਮਿਲਦੀਆਂ ਸਨ।**(ਸਹੀ)**
25. ਚੇਰ, ਚੋਲ ਅਤੇ ਪਾਂਡਯ ਸ਼ਾਸਕਾਂ ਨੇ ਸਮੁੰਦਰੋਂ ਪਾਰ ਜਹਾਜ਼ ਬਣਾਉਣ ਅਤੇ ਖੋਜਾਂ ਨੂੰ ਉਤਸ਼ਾਹਿਤ ਕੀਤਾ।**(ਸਹੀ)**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-**

**1. ਹੜੱਪਾ ਸੱਭਿਅਤਾ ਦੇ ਕੁੱਝ ਮਹੱਤਵਪੂਰਨ ਨਗਰਾਂ ਦੇ ਨਾਂ ਦੱਸੋ ।**

ਉਤੱਰ- ਹੜੱਪਾ, ਮੋਹਿੰਜੋਦੜੋ, ਲੋਥਲ, ਕਾਲੀਬੰਗਨ ਅਤੇ ਬਨਾਵਲੀ।

**2. ਸਪਤ ਸਿੰਧੂ ਪ੍ਰਦੇਸ਼ ਵਿੱਚ ਕਿਹੜੀਆਂ ਨਦੀਆਂ ਵਹਿੰਦੀਆਂ ਸਨ?**

ਉੱਤਰ- ਸਪਤ ਸਿੰਧੂ ਪ੍ਰਦੇਸ਼ ਤੋਂ ਭਾਵ ਸੱਤ ਨਦੀਆਂ ਦਾ ਪ੍ਰਦੇਸ਼ ਹੈ। ਉਸ ਸਮੇਂ ਵਹਿਣ ਵਾਲੀਆ ਸੱਤ ਨਦੀਆਂ ਹੇਠ ਲਿਖੀਆਂ ਹਨ-

| | | | |
|---|---|---|---|
| 1.ਸਿੰਧੂ | 2.ਜਿਹਲਮ | 3. ਚਨਾਬ | 4. ਰਾਵੀ |
| 5. ਬਿਆਸ | 6. ਸਤਲੁਜ | 7. ਸਰਸਵਤੀ | |

**3. ਮਹਾਂਜਨਪਦ ਤੋਂ ਕੀ ਭਾਵ ਹੈ?**

ਉੱਤਰ- ਉੱਤਰੀ ਭਾਰਤ ਵਿੱਚ **600** ਈ. ਪੂਰਵ ਦੇ ਲਗਭਗ ਕਈ ਗਣਤੰਤਰ ਅਤੇ ਰਾਜਤੰਤਰ ਰਾਜਾਂ ਦੀ ਸਥਾਪਨਾ ਹੋਈ। ਇਹਨਾਂ ਵਿੱਚੋਂ ਜ਼ਿਆਦਾ ਤਾਕਤਵਰ ਰਾਜਾਂ ਨੂੰ ਮਹਾਜਨਪਦ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਬੋਧ ਅਤੇ ਜੈਨ ਸਾਹਿਤ ਵਿੱਚ ਇਹਨਾਂ ਦੀ ਗਿਣਤੀ **16** ਦੱਸੀ ਗਈ ਹੈ।

**4. ਕਿਸੇ ਚਾਰ ਮਹੱਤਵਪੂਰਨ ਜਨਪਦਾਂ ਦੇ ਨਾਮ ਲਿਖੋ।**

ਉੱਤਰ-ਮਗਧ, ਕੋਸ਼ਲ, ਵਤਸ ਅਤੇ ਅਵੰਤੀ

**5. ਪਹਿਲਾ ਮਹਾਨ ਚੋਲ ਸ਼ਾਸ਼ਕ ਕੌਣ ਸੀ ?**

ਉੱਤਰ- ਕਾਰੀਕਲ ਪਹਿਲਾ ਮਹਾਨ ਚੋਲ ਸ਼ਾਸ਼ਕ ਸੀ।

**6. ਰੇਸ਼ਮੀ ਮਾਰਗ ਤੋਂ ਕੀ ਭਾਵ ਹੈ ?**

ਉੱਤਰ- ਚੀਨ ਨੂੰ ਯੂਰਪ ਨਾਲ ਜੋੜਨ ਵਾਲੇ ਮਾਰਗ ਨੂੰ ਰੇਸ਼ਮੀ ਮਾਰਗ ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਵਿੱਚ ਇਸ ਰਸਤੇ ਦੁਆਰਾ ਸਭ ਤੋਂ ਵੱਧ ਰੇਸ਼ਮ ਦਾ ਵਪਾਰ ਹੁੰਦਾ ਸੀ ।

**7. ਸਾਤਵਾਹਨ ਕਾਲ ਦੀਆਂ ਕੁੱਝ ਮਹੱਤਵਪੂਰਨ ਬੰਦਰਗਾਹਾਂ ਦੇ ਨਾਮ ਲਿਖੋ ।**

ਉੱਤਰ- ਕਾਵੇਰੀਪੱਟਨਮ, ਮਹਾਂਬਲੀਪੁਰਮ, ਪੁਹਾਰ, ਕੋਰਕਈ, ਸ਼ੂਰਪਾਰਕ ਅਤੇ ਭ੍ਰਗੂਕੱਛ ।

**8.ਭਾਰਤ ਦੇ ਇਰਾਨ ਨਾਲ ਸੰਬੰਧ ਕਿਵੇਂ ਸਥਾਪਿਤ ਹੋਏ?**

ਉੱਤਰ- **600** ਈ. ਪੂ. ਵਿੱਚ ਈਰਾਨ ਦੇ ਏਚੈਮੀਨਿਡ ਵੰਸ਼ ਦੇ ਸ਼ਾਸਕਾਂ ਨੇ ਭਾਰਤ ਦੇ ਉੱਤਰ-ਪੱਛਮੀ ਭਾਗਾਂ ਤੇ ਕਬਜ਼ਾ ਕਰ ਲਿਆ। ਇਸ ਤਰ੍ਹਾਂ ਭਾਰਤ ਦੇ ਇਰਾਨ ਨਾਲ ਸੰਬੰਧ ਸਥਾਪਿਤ ਹੋਏ।

**9.ਭਾਰਤ ਤੋਂ ਰੋਮ ਨੂੰ ਕੀ ਨਿਰਯਾਤ ਕੀਤਾ ਜਾਂਦਾ ਸੀ ?**

ਉੱਤਰ-ਭਾਰਤ ਤੋਂ ਰੋਮ ਨੂੰ ਮਸਾਲੇ, ਕੀਮਤੀ ਹੀਰੇ, ਵਧੀਆ ਕੱਪੜਾ, ਇੱਤਰ, ਹਾਥੀ ਦੰਦ ਦਾ ਸਮਾਨ, ਲੋਹਾ, ਰੰਗ, ਚਾਵਲ, ਤੋਤੇ ਅਤੇ ਮੋਰ ਵਰਗੇ ਪੰਛੀ ਅਤੇ ਬੰਦਰ ਵਰਗੇ ਜਾਨਵਰਾਂ ਆਦਿ ਦਾ ਨਿਰਯਾਤ ਭਾਰਤ ਤੋਂ ਰੋਮ ਨੂੰ ਕੀਤਾ ਜਾਂਦਾ ਸੀ।

**10. ਯੂਰਪ ਤੋਂ ਕਿਹੜੀਆਂ ਵਸਤਾਂ ਆਯਾਤ ਕੀਤੀਆਂ ਜਾਂਦੀਆਂ ਸਨ ?**

ਉੱਤਰ- ਯੂਰਪ ਤੋਂ ਸੋਨੇ ਅਤੇ ਚਾਂਦੀ ਦੇ ਸਿੱਕੇ, ਧਾਤਾਂ, ਸ਼ਰਾਬ ਅਤੇ ਸ਼ੀਸ਼ੇ ਤੋਂ ਬਣੀਆਂ ਵਸਤਾਂ ਆਯਾਤ ਕੀਤੀਆਂ ਜਾਂਦੀਆਂ ਸਨ।

**ਤਿੰਨ ਅੰਕਾਂ ਵਾਲੇ ਪ੍ਰਸ਼ਨ:-**

**1. ਪੂਰਵ-ਇਤਿਹਾਸ ਕਾਲ ਅਤੇ ਇਤਿਹਾਸ ਕਾਲ ਤੋਂ ਕੀ ਭਾਵ ਹੈ?**

ਉੱਤਰ- ਜਿਸ ਕਾਲ ਦਾ ਸਾਡੇ ਕੋਲ ਕੋਈ ਲਿਖਤੀ ਵੇਰਵਾ ਨਹੀਂ ਹੈ, ਉਸ ਨੂੰ '**ਪੂਰਵ-ਇਤਿਹਾਸ ਕਾਲ**' ਕਿਹਾ ਜਾਂਦਾ ਹੈ ਅਤੇ ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਹੈ, ਉਸ ਨੂੰ '**ਇਤਿਹਾਸ ਕਾਲ**' ਕਿਹਾ ਜਾਂਦਾ ਹੈ।

**2. ਵੈਦਿਕ ਸਾਹਿਤ ਦੇ ਕਿਹੜੇ-ਕਿਹੜੇ ਗ੍ਰੰਥ ਮਿਲਦੇ ਹਨ?**

ਉੱਤਰ- ਵੈਦਿਕ ਸਾਹਿਤ ਦੇ ਵੇਦ, ਬ੍ਰਾਹਮਣ ਗ੍ਰੰਥ, ਆਰਣਯਕ, ਉਪਨਿਸ਼ਦ, ਸੂਤਰ, ਮਹਾਂਕਾਵਿ(ਰਮਾਇਣ ਅਤੇ ਮਹਾਂਭਾਰਤ) ਅਤੇ ਪੁਰਾਣ ਮਿਲਦੇ ਹਨ।

**3. ਪਹੀਏ ਦੀ ਖੋਜ ਨੇ ਮਨੁੱਖ ਦੀ ਕਿਸ ਤਰਾਂ ਸਹਾਇਤਾ ਕੀਤੀ?**

ਉੱਤਰ- **1.** ਪਹੀਏ ਦੀ ਖੋਜ ਨਾਲ ਮਨੁੱਖ ਨੂੰ ਇੱਕ ਥਾਂ ਤੋਂ ਦੂਜੀ ਥਾਂ ਸਾਮਾਨ ਢੋਣਾ ਅਸਾਨ ਹੋ ਗਿਆ।

**2.** ਪਹੀਏ ਦੀ ਖੋਜ ਨਾਲ ਮਨੁੱਖ ਨੂੰ ਮਿੱਟੀ ਦੇ ਬਰਤਨ ਬਣਾਉਣੇ ਅਸਾਨ ਹੋ ਗਏ।

**4. ਪੰਜਾਬ ਵਿੱਚ ਹੜੱਪਾ ਸੱਭਿਅਤਾ ਦੇ ਕਿਸੇ ਦੋ ਕੇਂਦਰਾਂ ਬਾਰੇ ਲਿਖੋ।**

**ਉੱਤਰ- ਸੰਘੋਲ**-ਇਹ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਸਥਿੱਤ ਹੈ । ਇਸ ਕਸਬੇ ਦੀ ਖੁਦਾਈ 1968 ਈ. ਵਿੱਚ ਹੋਈ । ਇੱਥੋਂ ਹੜੱਪਾ ਸਭਿਅਤਾ ਦੇ ਬਹੁਤ ਸਾਰੇ ਬਰਤਨ ਅਤੇ ਮੂਰਤੀਆ ਪ੍ਰਾਪਤ ਹੋਈਆਂ।

**ਰੋਹੀੜਾ-** ਰੋਹੀੜਾ ਸੰਗਰੂਰ ਜਿਲ੍ਹੇ ਵਿੱਚ ਸਥਿੱਤ ਹੈ। ਇਸ ਦੀ ਖੁਦਾਈ 1976-77 ਈ. ਵਿੱਚ ਕੀਤੀ ਗਈ ਸੀ। ਇੱਥੋਂ ਬਰਤਨ, ਇੱਟਾਂ ਅਤੇ ਮਿੱਟੀ ਦੇ ਖਿਡੌਣੇ ਪ੍ਰਾਪਤ ਕੀਤੇ ਗਏ ਹਨ।

**5. ਸਿੰਧ ਘਾਟੀ ਸੱਭਿਅਤਾ ਦੀ ਨਗਰ ਯੋਜਨਾ 'ਤੇ ਇੱਕ ਨੋਟ ਲਿਖੋ।**

ਉੱਤਰ- ਆਧੁਨਿਕ ਮਹਾਂਨਗਰਾਂ ਦੀ ਤਰ੍ਹਾਂ ਯੋਜਨਾਬੱਧ ਨਗਰ ਇਸ ਸਭਿਅਤਾ ਦੀ ਵਿਸ਼ੇਸਤਾ ਹਨ। ਨਗਰ ਦੋ ਭਾਗਾਂ ਵਿੱਚ ਵੰਡੇ ਹੁੰਦੇ ਸਨ। ਉੱਪਰਲੇ ਭਾਗ ਵਿੱਚ ਸਰਵਜਨਕ ਭਵਨ ਅਤੇ ਸ਼ਾਸਕਾਂ ਦੇ ਘਰ ਹੁੰਦੇ ਸਨ ਅਤੇ ਹੇਠਲੇ ਭਾਗ ਵਿੱਚ ਆਮ ਲੋਕ ਰਹਿੰਦੇ ਸਨ। ਸੜਕਾਂ ਚੌੜੀਆਂ ਅਤੇ ਸਿੱਧੀਆਂ ਹੁੰਦੀਆਂ ਸਨ ਅਤੇ ਨਾਲੀਆਂ ਦਾ ਪ੍ਰਬੰਧ ਬਹੁਤ ਚੰਗਾ ਸੀ। ਘਰ ਪੱਕੀਆਂ ਇੱਟਾਂ ਅਤੇ ਲੱਕੜ ਦੇ ਬਣੇ ਹੁੰਦੇ ਸਨ। ਹਰੇਕ ਮਕਾਨ ਵਿੱਚ ਇੱਕ ਰਸੋਈ ਘਰ ਅਤੇ ਇਸਨਾਨ ਘਰ ਹੁੰਦਾ ਸੀ।

**6. ਜੈਨ ਧਰਮ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ- ਜੈਨ ਧਰਮ ਭਾਰਤ ਦਾ ਪ੍ਰਾਚੀਨ, ਸੁਤੰਤਰ ਅਤੇ ਵਿਗਿਆਨਕ ਧਰਮ ਹੈ। ਇਸ ਧਰਮ ਦੇ ਪਹਿਲੇ ਸੰਸਥਾਪਕ ਭਗਵਾਨ ਰਿਸ਼ਭਦੇਵ ਸਨ। ਇਹਨਾਂ ਨੂੰ ਤੀਰਥੰਕਰ ਕਿਹਾ ਜਾਂਦਾ ਹੈ। ਜੈਨ ਧਰਮ ਦੇ ਕੁੱਲ 24 ਤੀਰਥੰਕਰ ਹੋਏ ਹਨ। ਭਗਵਾਨ ਮਹਾਂਵੀਰ ਸਵਾਮੀ ਇਸ ਧਰਮ ਦੇ **24** ਵੇਂ ਤੀਰਥੰਕਰ ਸਨ। ਇਸ ਧਰਮ ਦਾ ਵਿਸ਼ਵਾਸ ਹੈ ਕਿ ਹਰੇਕ ਆਤਮਾ ਆਪਣੇ ਚੰਗੇ ਕੰਮਾਂ ਨਾਲ ਈਸ਼ਵਰ ਨੂੰ ਪ੍ਰਾਪਤ ਕਰ ਸਕਦੀ ਹੈ। ਸੱਚੀ ਸ਼ਰਧਾ**,** ਸੱਚਾ ਗਿਆਨ ਅਤੇ ਸੱਚਾ ਆਚਰਣ ਇਸ ਧਰਮ ਦੇ ਤ੍ਰਿਰਤਨ ਹਨ। ਜੈਨ ਧਰਮ ਪੰਜ ਮੁੱਖ ਸਿਧਾਂਤਾਂ ਵਿੱਚ ਵਿਸ਼ਵਾਸ਼ ਰੱਖਦਾ ਹੈ ਇਹ ਸਿਧਾਂਤ ਹਨ- ਅਹਿੰਸਾ, ਸਦਾ ਸੱਚ ਬੋਲਣਾ, ਚੋਰੀ ਨਾ ਕਰਨਾ, ਬ੍ਰਹਮਚਾਰਿਆ ਜੀਵਨ ਬਤੀਤ ਕਰਨਾ ਅਤੇ ਅਪਰਿਗ੍ਰਹਿ (ਜ਼ਰੂਰਤ ਨਾਲੋਂ ਜ਼ਿਆਦਾ ਇਕੱਠਾ ਨਾ ਕਰਨਾ)

**7.ਅਸ਼ੋਕ ਨੂੰ 'ਮਹਾਨ' ਕਿਉਂ ਕਿਹਾ ਜਾਂਦਾ ਹੈ ?**

ਉੱਤਰ- ਅਸ਼ੋਕ ਦੀ ਗਿਣਤੀ ਸੰਸਾਰ ਦੇ ਸਭ ਤੋਂ ਮਹਾਨ ਰਾਜਿਆਂ ਵਿੱਚ ਕੀਤੀ ਜਾਂਦੀ ਹੈ। ਉਹ ਆਪਣੇ ਸ਼ਾਂਤੀ ਅਤੇ ਮਾਨਵਤਾ ਦੇ ਸੰਦੇਸ਼ ਲਈ ਪ੍ਰਸਿੱਧ ਹੈ। ਆਪਣੇ ਪਿਤਾ ਬਿੰਦੂਸਾਰ ਦੀ ਮੌਤ ਤੋਂ ਬਾਅਦ ਉਹ 273 ਈ. ਪੂ. ਵਿੱਚ ਰਾਜਾ ਬਣਿਆ। 261 ਈ. ਪੂ. ਵਿੱਚ ਉਸਨੇ ਕਲਿੰਗ (ਉੜੀਸਾ) ਉੱਤੇ ਜਿੱਤ ਪ੍ਰਾਪਤ ਕੀਤੀ। ਇਸ ਲੜਾਈ ਵਿੱਚ ਲੱਖਾਂ ਲੋਕ ਮਾਰੇ ਗਏ, ਬਹੁਤ ਸਾਰੇ ਜ਼ਖਮੀ ਹੋਏ। ਇਸ ਯੁੱਧ ਦੇ ਖੂਨ-ਖਰਾਬੇ ਤੋਂ ਬਾਅਦ ਉਸਨੂੰ ਬਹੁਤ ਸਦਮਾ ਪਹੁੰਚਿਆ । ਉਸ ਨੇ ਹਮੇਸ਼ਾਂ ਲਈ ਲੜਾਈ ਨੂੰ ਛੱਡ ਕੇ ਅਹਿੰਸਾ ਦਾ ਰਸਤਾ ਅਪਣਾ ਲਿਆ ਅਤੇ ਬੁੱਧ ਧਰਮ ਨੂੰ ਮੰਨਣ ਲੱਗ ਪਿਆ । ਉਸਨੇ ਸ਼ਿਕਾਰ ਖੇਡਣਾ ਛੱਡ ਦਿੱਤਾ ਉਸਨੇ ਪਰਜਾ ਦੀ ਭਲਾਈ ਲਈ ਸੜਕਾਂ**,** ਹਸਪਤਾਲ**,** ਖੂਹ ਅਤੇ ਸਰਾਂਵਾਂ ਬਣਵਾਈਆਂ।

**8.ਕੌਟੱਲਿਆ ਬਾਰੇ ਇੱਕ ਨੋਟ ਲਿਖੋ ।**

ਉੱਤਰ- ਕੌਟੱਲਿਆ, ਚਾਣਕਿਆ ਦਾ ਹੀ ਦੂਸਰਾ ਨਾਂ ਸੀ । ਉਹ ਇੱਕ ਮਹਾਨ ਵਿਦਵਾਨ ਸੀ ਅਤੇ ਤਕਸ਼ਿਲਾ ਵਿਸ਼ਵ-ਵਿਦਿਆਲਿਆ ਵਿੱਚ ਅਧਿਆਪਕ ਸੀ। ਚੰਦਰਗੁਪਤ ਨੂੰ ਮਗਧ ਦਾ ਰਾਜਾ ਬਣਾਉਣ ਤੋਂ ਬਾਅਦ ਚਾਣਕਿਆ, ਮੋਰੀਆ ਸਾਮਰਾਜ ਦਾ ਪ੍ਰਧਾਨ ਮੰਤਰੀ ਬਣ ਗਿਆ। ਉਸ ਨੇ "ਅਰਥ ਸ਼ਾਸ਼ਤਰ" ਨਾਂ ਦੀ ਇੱਕ ਪੁਸਤਕ ਲਿਖੀ ਜਿਸ ਤੋਂ ਸਾਨੂੰ ਮੋਰੀਆ ਰਾਜ ਪ੍ਰਬੰਧ ਬਾਰੇ ਜਾਣਕਾਰੀ ਮਿਲਦੀ ਹੈ।

**9.ਕਨਿਸ਼ਕ 'ਤੇ ਇੱਕ ਨੋਟ ਲਿਖੋ ।**

ਉੱਤਰ- ਕਨਿਸ਼ਕ ਕੁਸ਼ਾਨ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਸੀ । ਉਹ ਇੱਕ ਮਹਾਨ ਜੇਤੂ ਸੀ। ਉਸ ਦਾ ਰਾਜ ਬਿਹਾਰ ਤੱਕ ਫ਼ੈਲਿਆ ਹੋਇਆ ਸੀ। ਉਸ ਦੇ ਰਾਜ ਵਿੱਚ ਮੱਧ ਭਾਰਤ, ਗੁਜਰਾਤ, ਸਿੰਧ, ਪੰਜਾਬ, ਅਫ਼ਗਾਨਿਸਤਾਨ ਅਤੇ ਬਲਖ਼ ਸ਼ਾਮਿਲ ਸਨ। ਉਸ ਨੇ ਬੜੀ ਬਹਾਦਰੀ ਨਾਲ ਯੁੱਧ ਕੀਤੇ ਸਨ। ਉਹ ਬੁੱਧ ਧਰਮ ਦਾ ਪੈਰੋਕਾਰ ਸੀ। ਉਸਨੇ ਕਸ਼ਮੀਰ ਵਿੱਚ ਬੁੱਧ ਧਰਮ ਦੇ ਵਿਦਵਾਨਾਂ ਦੀ ਇੱਕ ਸਭਾ ਬੁਲਾਈ ਸੀ, ਜਿਸਨੂੰ ਚੌਥੀ ਬੁੱਧ ਸਭਾ ਕਿਹਾ ਜਾਂਦਾ ਹੈ। ਉਸਨੇ ਬਹੁਤ ਸਾਰੇ ਬੋਧ ਸਤੂਪ ਅਤੇ ਵਿਹਾਰ ਵੀ ਬਣਵਾਏ। ਉਸ ਦੇ ਸਮੇਂ ਬੁੱਧ ਦੀਆਂ ਬਹੁਤ ਸਾਰੀਆਂ ਸੁੰਦਰ ਮੂਰਤੀਆਂ ਬਣਾਈਆਂ ਗਈਆਂ ।

**10.ਕਾਲੀਦਾਸ ਬਾਰੇ ਇੱਕ ਨੋਟ ਲਿਖੋ ।**

ਉੱਤਰ-ਸੰਸਕ੍ਰਿਤ ਦੇ ਪ੍ਰਸਿੱਧ ਕਵੀ ਕਾਲੀਦਾਸ ਨੇ ਬਹੁਤ ਸਾਰੇ ਨਾਟਕ ਅਤੇ ਕਵਿਤਾਵਾਂ ਲਿਖੀਆਂ। ਕਾਲੀਦਾਸ ਚੰਦਰਗੁਪਤ ਦੂਜੇ ਦੇ ਦਰਬਾਰ ਵਿੱਚ 'ਨੌਂ ਰਤਨਾਂ' ਵਿੱਚੋਂ ਇੱਕ ਕਵੀ ਸੀ। ਉਹਨਾਂ ਦੁਆਰਾ ਲਿਖਿਆ ਨਾਟਕ 'ਸ਼ਕੁੰਤਲਾ' ਅਤੇ 'ਕਾਵਿ ਮੇਘਦੂਤ' ਬਹੁਤ ਮਸ਼ਹੂਰ ਹਨ।

**11. ਹਰਸ਼ਵਰਧਨ ਬਾਰੇ ਇੱਕ ਨੋਟ ਲਿਖੋ।**

ਉੱਤਰ- ਹਰਸ਼ਵਰਧਨ ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਸੀ । ਉਹ 606 ਈ: ਵਿੱਚ ਰਾਜ ਗੱਦੀ 'ਤੇ ਬੈਠਿਆ। ਹਰਸ਼ ਵਰਧਨ ਨੇ ਰਾਜਗੱਦੀ 'ਤੇ ਬੈਠਣ ਤੋਂ ਬਾਅਦ ਆਪਣੀ ਰਾਜਧਾਨੀ ਕੰਨੌਜ ਬਣਾ ਲਈ ਅਤੇ ਉਹ ਦੋਨਾਂ ਰਾਜਾਂ (ਮੌਖਰੀ ਅਤੇ ਪੁਸ਼ਿਆਭੂਤੀ) ਦਾ ਸਮਰਾਟ ਬਣ ਗਿਆ। ਉਹ ਇੱਕ ਮਹਾਨ ਜੇਤੂ ਹੋਣ ਦੇ ਨਾਲ-ਨਾਲ ਇੱਕ ਮਹਾਨ ਵਿਦਵਾਨ ਅਤੇ ਲੇਖਕ ਸੀ। ਉਹ ਸ਼ੈਵ ਧਰਮ ਨੂੰ ਮੰਨਦਾ

ਸੀ ਪਰੰਤੂ ਉਹ ਬਾਕੀ ਧਰਮਾਂ ਦਾ ਵੀ ਆਦਰ ਕਰਦਾ ਸੀ। ਉਸਨੇ ਹਿਊਨਸਾਂਗ ਦੀ ਪ੍ਰਧਾਨਗੀ ਵਿੱਚ ਕੰਨੌਜ ਵਿੱਚ ਬੋਧ ਸਭਾ ਕੀਤੀ ਸੀ। 647 ਈ. ਵਿੱਚ ਉਸਦੀ ਮੌਤ ਹੋ ਗਈ।

**12. ਹਿਊਨਸਾਂਗ ਬਾਰੇ ਤੁਸੀਂ ਕੀ ਜਾਣਦੇ ਹੋ ?**

ਉੱਤਰ- ਹਿਊਨਸਾਂਗ ਇੱਕ ਪ੍ਰਸਿੱਧ ਚੀਨੀ ਯਾਤਰੀ ਸੀ ਜੋ ਹਰਸ਼ਵਰਧਨ ਦੇ ਸਮੇਂ ਭਾਰਤ ਆਇਆ ਸੀ ਅਤੇ ਉਸ ਦੇ ਦਰਬਾਰ ਵਿੱਚ ਸ਼ਾਹੀ ਮਹਿਮਾਨ ਬਣ ਕੇ ਰਿਹਾ। ਹਰਸ਼ ਵਰਧਨ ਨੇ ਹਿਊਨਸਾਂਗ ਦੀ ਪ੍ਰਧਾਨਗੀ ਵਿੱਚ ਕੰਨੌਜ ਵਿੱਚ ਬੋਧ-ਸਭਾ ਕੀਤੀ ਸੀ।

**13. ਦੱਖਣੀ ਭਾਰਤ ਦੇ ਚਾਲੂਕਿਆਂ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ- ਛੇਵੀਂ ਸਦੀ ਵਿੱਚ ਦੱਖਣ ਵਿੱਚ ਸ਼ਕਤੀ ਚਾਲੂਕਿਆ ਵੰਸ਼ ਦੇ ਹੱਥ ਵਿੱਚ ਆ ਗਈ। ਇਸ ਵੰਸ਼ ਦੇ ਪੁਲਕੇਸ਼ਿਨ ਪਹਿਲਾ ਅਤੇ ਕੀਰਤੀਵਰਮਨ ਪ੍ਰਸਿੱਧ ਰਾਜੇ ਸਨ। ਇਸ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ਪੁਲਕੇਸ਼ਿਨ ਦੂਜਾ ਸੀ। ਉਸਨੇ ਦੱਖਣੀ ਭਾਰਤ ਦੇ ਬਹੁਤ ਸਾਰੇ ਖੇਤਰਾਂ ਤੇ ਜਿੱਤ ਪ੍ਰਾਪਤ ਕੀਤੀ ਅਤੇ ਤਾਮਿਲਨਾਡੂ ਦੇ ਪੱਲਵਾਂ ਨੂੰ ਹਰਾਇਆ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-120 ਸ਼ਬਦਾਂ ਵਿੱਚ ਦਿਓ:-**

**1. ਸ਼ਿਲਾਲੇਖ ਇਤਿਹਾਸ ਜਾਣਣ ਵਿੱਚ ਸਾਡੀ ਕਿਸ ਤਰਾਂ ਸਹਾਇਤਾ ਕਰਦੇ ਹਨ ?**

ਉੱਤਰ-ਪੱਥਰ ਦੇ ਸਤੰਭ, ਚੱਟਾਨਾਂ ਅਤੇ ਤਾਂਬੇ ਦੀਆਂ ਪਲੇਟਾਂ, ਮਿੱਟੀ ਦੀਆਂ ਤਖਤੀਆਂ ਅਤੇ ਮੰਦਰਾਂ ਦੀਆਂ ਕੰਧਾਂ ਉੱਤੇ ਲਿਖੇ ਸ਼ਿਲਾਲੇਖ ਇਤਿਹਾਸ ਦੇ ਮਹੱਤਵਪੂਰਨ ਸ੍ਰੋਤ ਹਨ। ਇਹਨਾਂ ਵਿੱਚ ਉਸ ਸਮੇਂ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵਰਨਣ ਕੀਤਾ ਗਿਆ ਹੈ, ਜਿਸ ਸਮੇਂ ਇਹ ਲਿਖੇ ਗਏ ਸਨ। ਉਦਾਹਰਨ ਵਜੋਂ ਪ੍ਰਸਿੱਧ ਸਮਰਾਟ ਅਸ਼ੋਕ ਨੇ ਮਨੁੱਖਾਂ ਦੀ ਭਲਾਈ ਲਈ ਆਪਣਾ ਸੰਦੇਸ਼ ਪੱਥਰਾਂ ਦੇ ਚਟਾਨਾਂ ਅਤੇ ਵਿਸ਼ਾਲ ਸਤੰਭਾਂ ਤੇ ਖੁਦਵਾ ਕੇ ਪੂਰੇ ਦੇਸ਼ ਵਿੱਚ ਲਗਵਾਏ ਸਨ।

**2. ਇਤਿਹਾਸ ਦੇ ਸਾਹਿਤਿਕ ਸ੍ਰੋਤਾਂ ਤੇ ਸੰਖੇਪ ਨੋਟ ਲਿਖੋ ।**

ਉੱਤਰ-ਇਤਿਹਾਸ ਦੇ ਸਾਹਿਤਿਕ ਸ੍ਰੋਤਾਂ ਵਿੱਚ ਵੇਦ, ਬ੍ਰਾਹਮਣ ਗ੍ਰੰਥ, ਆਰਣਯਕ, ਉਪਨਿਸ਼ਦ, ਸੂਤਰ, ਮਹਾਂਕਾਵਿ (ਰਮਾਇਣ ਅਤੇ ਮਹਾਂਭਾਰਤ) ਬੋਧੀ ਅਤੇ ਜੈਨ ਗ੍ਰੰਥ ਆਦਿ ਸ਼ਾਮਿਲ ਹਨ। ਇਹ ਗ੍ਰੰਥ ਸਾਨੂੰ ਧਰਮ ਤੋਂ ਇਲਾਵਾ ਉਸ ਸਮੇਂ ਦੇ ਸਮਾਜ ਦੀਆਂ ਸਮਕਾਲੀਨ ਘਟਨਾਵਾਂ ਬਾਰੇ ਵੀ ਜਾਣਕਾਰੀ ਦਿੰਦੇ ਹਨ। ਕੌਟੱਲਿਆ ਨੇ **'ਅਰਥ-ਸ਼ਾਸ਼ਤਰ'** ਨਾਂ ਦੀ ਪੁਸਤਕ ਲਿਖੀ। ਆਰੀਆ ਭੱਟ ਅਤੇ ਵਰਾਹਮਿਹਿਰ ਵਰਗੇ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਬਾਰੇ ਵੀ ਪੁਸਤਕਾਂ ਲਿਖੀਆਂ।

**3. ਨਵੀਨ ਪੱਥਰ ਯੁੱਗ ਦੇ ਪੰਜ ਲੱਛਣ ਦੱਸੋ ।**

ਉੱਤਰ: **ਨਵੀਨ ਪੱਥਰ ਯੁੱਗ** ਪੱਥਰ ਯੁੱਗ ਦਾ ਤੀਸਰਾ ਅਤੇ ਅੰਤਿਮ ਯੁੱਗ ਸੀ। ਨਵੀਨ ਪੱਥਰ ਯੁੱਗ ਦੇ ਹੇਠ ਲਿਖੇ ਲੱਛਣ ਸਨ:-

**1.** ਮਨੁੱਖ ਨੇ ਇੱਕ ਥਾਂ 'ਤੇ ਟਿੱਕ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਅੱਗ ਦੀ ਖੋਜ ਤੋਂ ਬਾਅਦ ਉਸ ਨੇ ਭੋਜਣ ਪਕਾ ਕੇ ਖਾਣਾ ਸ਼ੁਰੂ ਕਰ ਦਿੱਤਾ ਸੀ।

**2.** ਮਨੁੱਖ ਦੇ ਔਜ਼ਾਰ ਪਹਿਲਾਂ ਨਾਲੋਂ ਜ਼ਿਆਦਾ ਵਧੀਆ ਬਣ ਗਏ ਸਨ।

**3.** ਮਨੁੱਖ ਨੇ ਭੋਜਣ ਪਕਾਉਣ ਅਤੇ ਰੱਖਣ ਲਈ ਮਿੱਟੀ ਦੇ ਬਰਤਨ ਬਣਾਉਣੇ ਸਿੱਖ ਲਏ ਸਨ।

**4.** ਮਨੁੱਖ ਨੇ ਗੁਫਾਵਾਂ ਦੀਆਂ ਦੀਵਾਰਾਂ ਉੱਤੇ ਚਿੱਤਰ ਬਣਾਉਣੇ ਸਿੱਖ ਲਏ ਸਨ।

**5.** ਮਨੁੱਖ ਨੇ ਪੱਥਰਾਂ ਅਤੇ ਹਾਥੀ ਦੰਦਾਂ ਤੋਂ ਤਿਆਰ ਮਣਕੇ ਬਣਾਉਣੇ ਸਿੱਖੇ ਅਤੇ ਗਹਿਣਿਆਂ ਦੇ ਰੂਪ ਵਿੱਚ ਪਹਿਣਨੇ ਸ਼ੁਰੂ ਕਰ ਦਿੱਤੇ ਸਨ।

**4. ਸਿੰਧ ਘਾਟੀ ਸੱਭਿਅਤਾ ਦੇ ਲੋਕਾਂ ਦੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋਂ ?**

ਉੱਤਰ- ਸਿੰਧ ਘਾਟੀ ਸਭਿਅਤਾ ਇੱਕ ਸ਼ਹਿਰੀ ਨਾਗਰਿਕ ਸਭਿਅਤਾ ਹੋਣ ਕਰਕੇ ਇਸ ਦਾ ਸਮਾਜ ਬਹੁਤ ਵਿਕਸਿਤ ਸੀ। ਕਣਕ, ਜਵਾਰ, ਦਾਲਾਂ, ਫਲ, ਸਬਜ਼ੀਆਂ ਅਤੇ ਦੁੱਧ ਆਦਿ ਲੋਕਾਂ ਦੇ ਭੋਜਨ ਦੇ ਮੁੱਖ ਪਦਾਰਥ ਸਨ। ਸਮਾਜ ਵਿੱਚ ਅਮੀਰ, ਗਰੀਬ, ਕਿਸਾਨ ਅਤੇ ਮਜ਼ਦੂਰ ਆਦਿ ਲੋਕ ਰਹਿੰਦੇ ਸਨ। ਲੋਕ ਸੂਤੀ ਅਤੇ ਊਨੀ ਕੱਪੜੇ ਪਹਿਨਦੇ ਸਨ। ਇਸਤਰੀਆ ਅਤੇ ਪੁਰਸ਼ ਦੋਵੇਂ ਗਹਿਣਿਆਂ ਅਤੇ ਫੈਸ਼ਨ ਦੇ ਸ਼ੌਕੀਨ ਸਨ। ਅਮੀਰ ਲੋਕ ਸੋਨਾ, ਚਾਂਦੀ ਅਤੇ ਕੀਮਤੀ ਪੱਥਰਾਂ ਦੇ ਗਹਿਣੇ ਪਹਿਨਦੇ ਸਨ। ਜਦਕਿ ਗਰੀਬ ਲੋਕ ਹੱਡੀਆਂ, ਪੱਕੀ ਹੋਈ ਮਿੱਟੀ ਅਤੇ ਮਣਕਿਆਂ ਦੇ ਬਣੇ ਹੋਏ ਗਹਿਣੇ ਪਹਿਨਦੇ ਸਨ। ਲੋਕ ਕਈ ਤਰ੍ਹਾਂ ਦੀਆਂ ਖੇਡਾਂ ਵੀ ਖੇਡਦੇ ਸਨ।

**5. ਹੜੱਪਾ ਸੱਭਿਅਤਾ ਦੇ ਪਤਨ ਦੇ ਕੀ ਕਾਰਨ ਸਨ?**

ਉੱਤਰ- ਵੱਖ ਵੱਖ ਵਿਦਵਾਨਾਂ ਨੇ ਹੜੱਪਾ ਸੱਭਿਅਤਾ ਦੇ ਪਤਨ ਹੋਣ ਦੇ ਕਾਰਨ ਵੱਖ ਵੱਖ ਦੱਸੇ ਹਨ। ਸਿੰਧ ਨਦੀ ਅਤੇ ਇਸ ਦੀਆਂ ਸਹਾਇਕ ਨਦੀਆਂ ਵਿੱਚ ਲਗਾਤਾਰ ਹੜ੍ਹ ਆਉਣ ਕਰਕੇ ਇਹ ਸੱਭਿਅਤਾ ਦਾ ਪਤਨ ਹੋ ਗਿਆ ਹੋਵੇਗਾ। ਅਜਿਹਾ ਵੀ ਮੰਨਿਆਂ ਜਾਂਦਾ ਹੈ ਕਿ 1900 ਈ. ਪੂ. ਦੇ ਲਗਭਗ ਸਰਸਵਤੀ ਨਦੀ ਦੇ ਸੁੱਕ ਜਾਣ ਨਾਲ ਲੋਕਾਂ ਨੂੰ ਪੂਰਬ ਵੱਲ ਗੰਗਾ ਦੇ ਮੈਦਾਨਾਂ ਵਿੱਚ ਜਾਣਾ ਪੈ ਗਿਆ ਹੋਵੇਗਾ।

**6. ਵੈਦਿਕ ਕਾਲ ਦੇ ਸਮਾਜਿਕ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋਂ?**

ਉੱਤਰ- ਵੈਦਿਕ ਕਾਲ ਵਿੱਚ ਸਮਾਜ ਚਾਰ ਵਰਣਾਂ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਪਰਿਵਾਰ ਸਮਾਜ ਦੀ ਸਭ ਤੋਂ ਛੋਟੀ ਇਕਾਈ ਸੀ। ਪਿਤਾ ਪਰਿਵਾਰ ਦਾ ਮੁਖੀ ਹੁੰਦਾ ਸੀ। ਇਸਤਰੀਆ ਪੜ੍ਹੀਆਂ-ਲਿਖੀਆਂ ਹੁੰਦੀਆਂ ਸਨ ਅਤੇ ਸਮਾਜ ਵਿੱਚ ਉਹਨਾਂ ਨੂੰ ਬਹੁਤ ਸਨਮਾਨ ਦਿੱਤਾ ਜਾਂਦਾ ਸੀ। ਵੈਦਿਕ ਲੋਕ ਭੋਜਨ ਵਿੱਚ ਕਣਕ, ਦਾਲਾਂ, ਚਾਵਲ, ਫਲ, ਸਬਜ਼ੀਆਂ, ਦੁੱਧ, ਘਿਓ ਖਾਂਦੇ ਸਨ। ਵੈਦਿਕ ਲੋਕ ਖੇਡਾਂ ਦੇ ਬਹੁਤ ਸ਼ੌਕੀਨ ਸਨ। ਸ਼ਿਕਾਰ, ਰੱਥ-ਦੌੜ,ਘੋੜਸਵਾਰੀ ਆਦਿ ਉਨ੍ਹਾਂ ਦੀਆਂ ਹਰਮਨ ਪਿਆਰੀਆਂ ਖੇਡਾਂ ਸਨ। ਨੱਚਣਾ, ਗਾਉਣਾ ਅਤੇ ਚੌਪਟ ਉਹਨਾਂ ਦੇ ਮਨੋਰੰਜਨ ਦੇ ਹਰਮਨ-ਪਿਆਰੇ ਸਾਧਨ ਸਨ।

**7. ਰਿਗਵੈਦਿਕ ਕਾਲ ਦੀ ਰਾਜਨੀਤਿਕ ਅਵਸਥਾ ਬਾਰੇ ਪੰਜ ਵਾਕ ਲਿਖੋ ।**

ਉੱਤਰ-1.ਆਰੰਭਿਕ ਵੈਦਿਕ ਕਾਲ ਵਿੱਚ ਬਹੁਤ ਸਾਰੇ ਛੋਟੇ-ਛੋਟੇ ਕਬੀਲੇ ਰਾਜ ਕਰਦੇ ਸਨ।

2. ਰਾਜਾ ਆਪਣੇ ਰਾਜ ਦਾ ਮੁਖੀਆ ਹੁੰਦਾ ਸੀ ।

3. ਆਮ ਤੌਰ 'ਤੇ ਰਾਜੇ ਦਾ ਪੁੱਤਰ ਹੀ ਰਾਜ ਦਾ ਉਤਰਾਅਧਿਕਾਰੀ ਹੁੰਦਾ ਸੀ।

4. ਆਧੁਨਿਕ ਸੰਸਦ ਦੀ ਤਰ੍ਹਾਂ ਰਾਜੇ ਦੀ ਸਹਾਇਤਾ ਲਈ ਦੋ ਸੰਸਥਾਵਾਂ ਹੁੰਦੀਆਂ ਸਨ- ਸਭਾ ਅਤੇ ਸਮਿਤੀ।

5. ਪ੍ਰੋਹਿਤ, ਸੈਨਾਨੀ ਅਤੇ ਗ੍ਰਾਮਣੀ ਆਦਿ ਰਾਜੇ ਦੀ ਸਹਾਇਤਾ ਕਰਨ ਲਈ ਅਧਿਕਾਰੀ ਹੁੰਦੇ ਸਨ।

**8. ਬੁੱਧ ਧਰਮ ਦੀਆਂ ਮੁੱਖ ਸਿੱਖਿਆਵਾਂ ਕਿਹੜੀਆਂ ਹਨ?**

ਉੱਤਰ- **1.** ਸੰਸਾਰ ਦੁੱਖਾਂ ਦਾ ਘਰ ਹੈ।

**2.** ਦੁੱਖਾਂ ਦਾ ਕਾਰਨ ਇੱਛਾਵਾਂ ਹਨ।

**3.** ਇੱਛਾਵਾਂ 'ਤੇ ਕਾਬੂ ਪੈ ਲੈਣ ਨਾਲ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ।

**4.** ਇੱਛਾ ਦਾ ਦਮਨ ਅਸ਼ਟ-ਮਾਰਗ ਦੁਆਰਾ ਹੋ ਸਕਦਾ ਹੈ।

5. ਮੱਧ-ਮਾਰਗ ਅਪਣਾਉਣ ਦੀ ਸਿੱਖਿਆ ਦਿੱਤੀ।

6. ਬੁੱਧ ਧਰਮ ਨੇ ਕਿਸੇ ਨੂੰ ਨਾ ਮਾਰਨਾ (ਅਹਿੰਸਾ), ਸੱਚ ਬੋਲਣਾ, ਨਸ਼ੀਲੀਆਂ ਵਸਤੂਆਂ ਦੀ ਵਰਤੋਂ ਨਾ ਕਰਨਾ, ਧਨ ਨਾ ਲੈਣਾ ਅਤੇ ਨਾ ਰੱਖਣਾ, ਸਮੇਂ ਸਿਰ ਭੋਜਨ ਕਰਨਾ, ਪਰਾਈ ਸੰਪਤੀ ਉੱਪਰ ਨਜ਼ਰ ਨਾ ਰੱਖਣਾ ਆਦਿ ਨੈਤਿਕ ਸਿੱਖਿਆ 'ਤੇ ਵੀ ਜ਼ੋਰ ਦਿੱਤਾ।

**9. ਮੌਰੀਆ ਕਲਾ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ- ਮੋਰੀਆ ਸਮਰਾਟਾਂ ਨੂੰ ਕਲਾ ਨਾਲ ਬਹੁਤ ਪਿਆਰ ਸੀ। ਚੰਦਰ ਗੁਪਤ ਮੋਰੀਆ ਨੇ ਇੱਕ ਵੱਡਾ ਰਾਜ ਮਹਿਲ ਬਣਾਇਆ ਸੀ। ਅਸ਼ੋਕ ਨੇ ਬਹੁਤ ਸਾਰੇ ਸਤੂਪਾਂ ਦਾ ਨਿਰਮਾਣ ਕਰਵਾਇਆ। ਇਹਨਾਂ ਵਿੱਚੋਂ ਮੱਧ ਪ੍ਰਦੇਸ਼ ਦਾ ਸਾਂਚੀ ਦਾ ਸਤੂਪ ਬਹੁਤ ਪ੍ਰਸਿੱਧ ਹੈ। ਅਸ਼ੋਕ ਦੇ ਸਮੇਂ ਦੀ ਕਲਾ ਦਾ ਸਭ ਤੋਂ ਸੋਹਣਾ ਨਮੂਨਾ ਉਸ ਦੁਆਰਾ ਬਣਵਾਏ ਪੱਥਰ ਦੇ ਵੱਡੇ-ਵੱਡੇ ਸਤੰਭ ਹਨ। ਚੁਨਾਰ ਦੇ ਪੱਥਰ ਦੇ ਬਣੇ ਇਹ ਸਤੰਭ 34 ਫੁੱਟ ਉੱਚੇ ਹਨ। ਇਹਨਾਂ ਸਤੰਭਾਂ ਉੱਤੇ ਬੈਲ, ਹਾਥੀ, ਸ਼ੇਰ ਦੀਆਂ ਮੂਰਤੀਆਂ ਲਗਾਈਆਂ ਗਈਆਂ ਹਨ। ਅਸ਼ੋਕ ਨੇ ਚਾਰ ਸ਼ੇਰਾਂ ਵਾਲੀ ਇੱਕ ਮੂਰਤੀ ਬਣਵਾਈ ਜੋ ਕਿ ਸਾਡਾ ਰਾਸ਼ਟਰੀ ਚਿੰਨ੍ਹ ਹੈ।

**10. ਸਮੁੰਦਰ ਗੁਪਤ ਦੀਆਂ ਜਿੱਤਾਂ ਦਾ ਵਰਣਨ ਕਰੋ।**

ਉੱਤਰ- ਸਮੁੰਦਰਗੁਪਤ ਨੂੰ 'ਭਾਰਤ ਦਾ ਨੈਪੋਲੀਅਨ' ਕਿਹਾ ਜਾਂਦਾ ਹੈ। ਉਸਨੇ ਉੱਤਰੀ ਭਾਰਤ (ਜਿਸ ਨੂੰ ਆਰੀਆਵਰਤ ਕਿਹਾ ਜਾਂਦਾ ਸੀ) ਦੇ ਅੱਠ ਰਾਜਿਆਂ ਅਤੇ ਦੱਖਣੀ ਭਾਰਤ ਦੇ 12 ਰਾਜਿਆਂ ਨੂੰ ਹਰਾਇਆ । ਕਈ ਹੋਰ ਸਰਹੱਦੀ ਰਾਜਾਂ ਅਤੇ ਗਣਤੰਤਰ ਰਾਜਾਂ ਨੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ। ਕੁੱਝ ਵਿਦੇਸ਼ੀ ਤਾਕਤਾਂ ਜਿਵੇਂ ਕਿ ਪੱਛਮੀ ਭਾਰਤ ਦੇ ਸ਼ਕ, ਗੰਧਾਰ ਦੇ ਕੁਸ਼ਾਣ ਅਤੇ ਸ੍ਰੀਲੰਕਾ ਨੇ ਵੀ ਉਸ ਨਾਲ ਸੰਧੀਆਂ ਕਰਕੇ ਉਸ ਦੀ ਅਧੀਨਤਾ ਸਵੀਕਾਰ ਕਰ ਲਈ।

**11. ਗੁਪਤ ਕਾਲ ਨੂੰ ਭਾਰਤ ਦਾ 'ਸੁਨਿਹਰੀ ਯੁੱਗ' ਕਿਉਂ ਕਹਿੰਦੇ ਹਨ?**

ਉੱਤਰ- 1. ਗੁਪਤ ਕਾਲ ਵਿੱਚ ਸ਼ਾਸਨ ਪ੍ਰਬੰਧ ਬਹੁਤ ਵਧੀਆ ਸੀ। ਰਾਜਾ ਪਰਜਾ ਦੀ ਭਲਾਈ ਲਈ ਕੰਮ ਕਰਦਾ ਸੀ।

2. ਚੀਨੀ ਯਾਤਰੀ ਫਾਹੀਯਾਨ ਲਿਖਦਾ ਹੈ ਕਿ ਲੋਕ ਸੁਖੀ ਅਤੇ ਇਮਾਨਦਾਰ ਸਨ।

3. ਉਸ ਸਮੇਂ ਕਿਸੇ ਤਰ੍ਹਾਂ ਦੇ ਅਪਰਾਧ ਜਾਂ ਚੋਰੀਆਂ ਨਹੀਂ ਹੁੰਦੀਆਂ ਹਨ।

4. ਉਸ ਸਮੇਂ ਕਰ ਬਹੁਤ ਘੱਟ ਲਗਾਏ ਜਾਂਦੇ ਸਨ।

5. ਗੁਪਤ ਕਾਲ ਵਿੱਚ ਤਕਨੀਕ ਅਤੇ ਵਿਗਿਆਨ ਦਾ ਬਹੁਤ ਵਿਕਾਸ ਹੋਇਆ।

6. ਆਰੀਆ ਭੱਟ ਉਸ ਕਾਲ ਦਾ ਪ੍ਰਸਿੱਧ ਵਿਗਿਆਨੀ ਸੀ ।

7. ਸਾਰੇ ਧਰਮਾਂ ਦਾ ਸਤਿਕਾਰ ਕੀਤਾ ਜਾਂਦਾ ਸੀ।

**12. ਪੱਲਵਾਂ ਦੀ ਕਲਾ ਅਤੇ ਭਵਨ-ਨਿਰਮਾਣ ਕਲਾ ਬਾਰੇ ਤੁਸੀਂ ਕੀ ਜਾਣਦੇ ਹੋ?**

ਉੱਤਰ- ਪੱਲਵ ਰਾਜੇ ਮੂਰਤੀ ਕਲਾ ਅਤੇ ਭਵਨ-ਨਿਰਮਾਣ ਕਲਾ ਦੇ ਪ੍ਰੇਮੀ ਅਤੇ ਸਰਪ੍ਰਸਤ ਸਨ। ਇਨ੍ਹਾਂ ਨੇ ਮਹਾਂਬਲੀਪੁਰਮ ਵਿੱਚ ਸਮੁੰਦਰ 'ਦੇ ਕੰਢੇ ਕਈ ਗੁਫ਼ਾ ਮੰਦਰਾਂ ਦਾ ਨਿਰਮਾਣ ਕਰਵਾਇਆ। ਇਹਨਾਂ ਵਿੱਚੋਂ ਕੁੱਝ ਮੰਦਰਾਂ ਨੂੰ ਰੱਥਾਂ ਦੇ ਨਾਂ ਨਾਲ ਪੁਕਾਰਦੇ ਹਨ ਤੇ ਜਿਨ੍ਹਾਂ ਦੇ ਨਾਮ ਮਹਾਂਭਾਰਤ ਦੇ ਪਾਂਡਵਾਂ ਦੇ ਨਾਵਾਂ 'ਤੇ ਰੱਖੇ ਗਏ ਹਨ । ਮਹਾਂਬਲੀਪੁਰਮ ਵਿੱਚ ਹੀ ਪੱਲਵਾਂ ਦਾ ਇੱਕ ਹੋਰ ਸਮੁੰਦਰ ਦੇ ਕੰਢੇ ਤੇ ਬਣਿਆ ਮੰਦਰ ਵੀ ਬੜਾ ਪ੍ਰਸਿੱਧ ਹੈ। ਇਹਨਾਂ ਨੇ ਆਪਣੀ ਰਾਜਧਾਨੀ ਕਾਂਚੀ ਵਿੱਚ ਕੈਲਾਸ਼ਨਾਥ ਨਾਮ ਦਾ ਇੱਕ ਪ੍ਰਸਿੱਧ ਮੰਦਰ ਬਣਵਾਇਆ ਸੀ। ਇਹਨਾਂ ਮੰਦਰਾਂ ਵਿੱਚ ਪੂਜਾ-ਪਾਠ ਦੇ ਨਾਲ-ਨਾਲ ਸਿੱਖਿਆ ਵੀ ਦਿੱਤੀ ਜਾਂਦੀ ਸੀ ।

**13. ਚਾਲੂਕਿਆਂ ਮੰਦਰਾਂ ਬਾਰੇ ਇੱਕ ਨੋਟ ਲਿਖੋ ।**

ਉੱਤਰ- ਚਾਲੂਕਿਆ ਰਾਜੇ ਕਲਾ ਦੇ ਮਹਾਨ ਸਰਪ੍ਰਸਤ ਸਨ। ਇਨ੍ਹਾਂ ਦੇ ਏਹੋਲ, ਵਤਾਪੀ ਅਤੇ ਪਟੱਦਕਲ ਵਿੱਚ ਕਈ ਪ੍ਰਸਿੱਧ ਮੰਦਰ ਬਣਵਾਏ। ਵੀਰੂਪਾਕੱਸ਼ ਅਤੇ ਪੰਪਨਾਥ ਦੇ ਮੰਦਰ ਬਹੁਤ ਪ੍ਰਸਿੱਧ ਹਨ। ਇਨ੍ਹਾਂ ਦੇ ਮੰਦਰ ਹਿੰਦੂ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀ ਪੂਜਾ ਲਈ ਪ੍ਰਸਿੱਧ ਸਨ । ਇਹਨਾਂ ਮੰਦਰਾਂ ਦੀਆਂ ਕੰਧਾਂ 'ਤੇ ਰਮਾਇਣ ਦੇ ਦ੍ਰਿਸ਼ਾਂ ਨੂੰ ਬੜੇ ਸੁੰਦਰ ਢੰਗ ਨਾਲ ਦਿਖਾਇਆ ਗਿਆ ਹੈ। ਚਾਲੂਕਿਆਂ ਸ਼ਾਸਕਾਂ ਨੇ ਜੈਨ ਧਰਮ ਨੂੰ ਸਰਪ੍ਰਸਤੀ ਦਿੱਤੀ ਅਤੇ ਕਈ ਜੈਨ ਮੁੰਨੀਆਂ ਨੂੰ ਦਾਨ ਵੀ ਦਿੱਤਾ।

## ਭਾਗ-ੲ (ਨਾਗਰਿਕ ਸ਼ਾਸਤਰ)

**ਬਹੁ-ਵਿਕਲਪੀ ਪ੍ਰਸ਼ਨ:-**

**1.ਬੱਚੇ ਦਾ ਮੁੱਢਲਾ ਅਤੇ ਪਹਿਲਾ ਸਮਾਜ ਕਿਹੜਾ ਹੈ?**

(ੳ) ਸਕੂਲ (ਅ) ਆਂਢ-ਗੁਆਂਢ **(ੲ) ਪਰਿਵਾਰ** (ਸ) ਦੋਸਤ

**2.ਸਮਾਜ ਦੀ ਮੁੱਢਲੀ ਇਕਾਈ ਕਿਹੜੀ ਹੈ?**

**(ੳ) ਪਰਿਵਾਰ** (ਅ) ਆਂਢ-ਗੁਆਂਢ (ੲ) ਪਿੰਡ ਜਾਂ ਸ਼ਹਿਰ (ਸ) ਸਮੁਦਾਇ

**3.ਮੁੱਢਲੇ ਮਨੁੱਖ ਨੇ ਪ੍ਰਾਚੀਨ ਸਮੇਂ ਵਿੱਚ ਸਭ ਤੋਂ ਪਹਿਲਾਂ ਕਿਸ ਚੀਜ਼ ਦੇ ਹਥਿਆਰ ਬਣਾ ਕੇ ਸ਼ਿਕਾਰ ਕੀਤਾ?**

(ੳ) ਲੋਹੇ ਦੇ **(ਅ) ਪੱਥਰ ਦੇ** (ੲ) ਲੱਕੜ ਦੇ (ਸ) ਸਾਰੇ ਹੀ

**4.ਸਮੁਦਾਇਕ ਜੀਵਨ ਦਾ ਆਰੰਭ ਕਿਸ ਧੰਦੇ ਤੋਂ ਬਾਅਦ ਸ਼ੁਰੂ ਹੋਇਆ?**

(ੳ) ਸ਼ਿਕਾਰ (ਅ) ਪਸ਼ੂ ਪਾਲਣ **(ੲ) ਖੇਤੀ-ਬਾੜੀ** (ਸ) ਇਨ੍ਹਾਂ ਵਿੱਚੋਂ ਕੋਈ ਨਹੀਂ

**5.ਇੱਕ ਸਥਾਨ 'ਤੇ ਰਹਿਣ ਵਾਲੇ ਸਾਂਝੇ ਉਦੇਸ਼ ਵਾਲੇ ਸੰਗਠਿਤ ਸਮੂਹ ਨੂੰ ਕੀ ਕਿਹਾ ਜਾਂਦਾ ਹੈ?**

(ੳ) ਪਰਿਵਾਰ (ਅ) ਆਂਢ-ਗੁਆਂਢ (ੲ) ਪਿੰਡ ਜਾਂ ਸ਼ਹਿਰ **(ਸ) ਸਮੁਦਾਇ**

**6.ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਇਸਦੀ ਲਗਭਗ ਕਿੰਨ੍ਹੇ ਪ੍ਰਤੀਸ਼ਤ ਜਨਸੰਖਿਆ ਪਿੰਡਾਂ ਵਿੱਚ ਰਹਿੰਦੀ ਹੈ?**

(ੳ) 65% (ਅ) 45% **(ੲ) 75%** (ਸ) 55%

**7.ਸਾਡੇ ਰਾਜ ਪੰਜਾਬ ਵਿੱਚ ਹੁਣ ਕਿੰਨ੍ਹੇ ਜ਼ਿਲ੍ਹੇ ਹਨ?**

**(ੳ)2 3** (ਅ) 12 (ੲ) 20 (ਸ) 21

**8.'ਮੁਫ਼ਤ ਤੇ ਲਾਜ਼ਮੀ ਸਿੱਖਿਆ' ਕਿੰਨ੍ਹੀ ਉਮਰ ਤੱਕ ਦੇ ਬੱਚਿਆਂ ਨੂੰ ਦਿੱਤੀ ਜਾਣ ਦੀ ਵਿਵਸਥਾ ਹੈ?**

(ੳ) 6-18 ਸਾਲ **(ਅ) 6-14 ਸਾਲ** (ੲ) 8-14 ਸਾਲ (ਸ) ਸਾਰੇ ਹੀ

**9.ਲੋਕਤੰਤਰੀ ਸਰਕਾਰ ਵਿੱਚ ਰਾਜ ਪ੍ਰਬੰਧ ਦੀ ਸਭ ਤੋਂ ਛੋਟੀ ਇਕਾਈ ਕਿਹੜੀ ਹੈ?**

**(ੳ) ਪਿੰਡ- ਪੰਚਾਇਤ** (ਅ) ਪੰਚਾਇਤ ਸੰਮਤੀ (ੲ) ਜ਼ਿਲ੍ਹਾ ਪ੍ਰੀਸ਼ਦ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**10.ਬਲਾਕ ਸੰਮਤੀ ਦੀ ਚੋਣ ਲੜਨ ਲਈ ਘੱਟੋ-ਘੱਟ ਕਿੰਨ੍ਹੀ ਉਮਰ ਹੋਣੀ ਜ਼ਰੂਰੀ ਹੈ?**

(ੳ) 25 ਸਾਲ (ਅ) 18 ਸਾਲ **(ੲ) 21 ਸਾਲ** (ਸ) ਕੋਈ ਉਮਰ ਹੱਦ ਨਹੀਂ

**11.ਪਿੰਡ ਤੋਂ ਬਦਲਦੇ ਹੋਏ ਕਸਬੇ ਜਿੱਥੋਂ ਦੀ ਜਨਸੰਖਿਆ 20,000 ਤੋਂ ਘੱਟ ਹੋਵੇ, ਉੱਥੇ ਕਿਸ ਦੀ ਸਥਾਪਨਾ ਹੋ ਸਕਦੀ ਹੈ?**

(ੳ) ਨਗਰ-ਕੌਂਸਿਲ **(ਅ) ਨਗਰ-ਪੰਚਾਇਤ** (ੲ) ਜ਼ਿਲ੍ਹਾ ਪ੍ਰੀਸ਼ਦ (ਸ) ਨਗਰ-ਨਿਗਮ

**12.ਨਗਰ ਨਿਗਮ ਦੇ ਮੁਖੀ ਨੂੰ ਕੀ ਕਹਿੰਦੇ ਹਨ?**

(ੳ) ਸਰਪੰਚ (ਅ) ਪ੍ਰਧਾਨ **(ੲ) ਮੇਅਰ** (ਸ) ਕਮਿਸ਼ਨਰ

**13.ਨਗਰ ਪਾਲਿਕਾ ਅਤੇ ਨਗਰ ਨਿਗਮ ਦੀ ਚੋਣ ਲੜਨ ਵਾਲੇ ਉਮੀਦਵਾਰ ਦੀ ਉਮਰ ਘੱਟੋ-ਘੱਟ ਕਿੰਨ੍ਹੀ ਹੋਣੀ ਜ਼ਰੂਰੀ ਹੈ?**

**(ੳ) 21 ਸਾਲ** (ਅ) 25 ਸਾਲ (ੲ) 18 ਸਾਲ (ਸ) ਸਾਰੇ ਹੀ

**14.ਜ਼ਿਲ੍ਹੇ ਦੇ ਪ੍ਰਬੰਧਕੀ ਕੰਮਾਂ ਨੂੰ ਨਿਭਾਉਣ ਲਈ ਸਭ ਤੋਂ ਉੱਚ ਅਧਿਕਾਰੀ ਕੌਣ ਹੁੰਦਾ ਹੈ?**

(ੳ) ਡੀ.ਈ.ਓ. (ਅ) ਡੀ.ਟੀ.ਓ. **(ੲ) ਡਿਪਟੀ ਕਮਿਸ਼ਨਰ** (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

**15.ਵੱਡੇ ਸ਼ਹਿਰ ਦੇ ਬਾਹਰਵਾਰ ਕੱਢੀ ਇੱਕ ਸੜਕ ਜੋ ਅਗਲੇ ਕਿਸੇ ਵੱਡੇ ਸ਼ਹਿਰ ਵਿੱਚ ਪਹੁੰਚਣ ਵਿੱਚ ਮਦਦ ਕਰਦੀ ਹੈ, ਉਸ ਨੂੰ ਕੀ ਆਖਦੇ ਹਨ?**

(ੳ) ਸੁਰੰਗ ਪੱਥ (ਅ) ਲਿੰਕ ਰੋਡ (ੲ) ਸਲਿੱਪ ਰੋਡ **(ਸ) ਬਾਈਪਾਸ ਸੜਕ**

**16.ਇਹਨਾਂ ਵਿੱਚੋਂ ਕਿਹੜੀ ਸਰਵਜਨਕ ਸੰਪਤੀ ਨਹੀਂ ਹੈ?**

(ੳ) ਸੜਕ (ਅ) ਹਸਪਤਾਲ (ੲ) ਬੱਸ ਸਟੈਂਡ **(ਸ) ਘਰ**

**17.ਇਹਨਾਂ ਵਿੱਚੋਂ ਕਿਹੜੀ ਨਿੱਜੀ ਸੰਪਤੀ ਨਹੀਂ ਹੈ?**

(ੳ) ਘਰ (ਅ) ਸਕੂਟਰ **(ੲ) ਰੇਲ-ਗੱਡੀ** (ਸ) ਕਾਰ

**18.ਆਪਣੇ ਦੇਸ਼ ਦੀ ਸਰਵਜਨਕ ਸੰਪਤੀ ਦੀ ਸੰਭਾਲ ਕਰਨਾ ਸਾਡਾ ਕਿਹੜਾ ਫਰਜ਼ ਹੈ?**

**(ੳ) ਨੈਤਿਕ ਫ਼ਰਜ਼** (ਅ) ਧਾਰਮਿਕ ਫ਼ਰਜ਼ (ੲ) ਕਾਨੂੰਨੀ ਫ਼ਰਜ਼ (ਸ) ਸਾਰੇ ਹੀ

**19.ਇਹਨਾਂ ਵਿੱਚੋਂ ਕਿਹੜਾ ਇਤਿਹਾਸਿਕ ਸਮਾਰਕ ਨਹੀਂ ਹੈ?**

(ੳ) ਕੁਤਬ ਮੀਨਾਰ (ਅ) ਤਾਜ ਮਹਲ (ੲ) ਲਾਲ ਕਿਲ੍ਹਾ **(ਸ) ਸਮੁੰਦਰੀ ਤੱਟ**

**20. ਵਿਧਾਨ ਪਾਲਿਕਾ ਦਾ ਕੀ ਕੰਮ ਹੈ?**

**(ੳ) ਕਾਨੂੰਨ ਬਣਾਉਣਾ** (ਅ) ਕਾਨੂੰਨ ਲਾਗੂ ਕਰਨਾ (ੲ) ਕਾਨੂੰਨ ਦੀ ਰੱਖਿਆ ਕਰਨਾ (ਸ) ਸਾਰੇ ਹੀ

**ਇੱਕ ਅੰਕ ਵਾਲੇ ਪ੍ਰਸ਼ਨ (ਖਾਲੀ ਥਾਵਾਂ ਭਰੋ)**

1. ਭਾਰਤ ਵਿੱਚ **28** ਰਾਜ ਅਤੇ **8** ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਹਨ।
2. ਪੰਚਾਇਤ ਸੰਮਤੀ ਪੰਚਾਇਤੀ ਰਾਜ ਦੀ **ਵਿਚਕਾਰ** ਦੀ ਸੰਸਥਾ ਹੈ।
3. ਗ੍ਰਾਮ ਪੰਚਾਇਤ ਦਾ ਅਤੇ ਪੰਚਾਇਤ ਸੰਮਤੀ ਦਾ ਕਾਰਜਕਾਲ **5** ਸਾਲ ਦਾ ਹੁੰਦਾ ਹੈ।
4. ਪੰਜਾਬ ਰਾਜ ਵਿੱਚ **23** ਜ਼ਿਲ੍ਹਾ ਪ੍ਰੀਸ਼ਦਾਂ ਹਨ।
5. ਪੇਂਡੂ ਖੇਤਰ ਵਿੱਚ ਪੰਚਾਇਤੀ ਰਾਜ ਦੀ ਸਭ ਤੋਂ ਉੱਚੀ ਸੰਸਥਾ **ਜ਼ਿਲ੍ਹਾ ਪ੍ਰੀਸ਼ਦ** ਹੈ ।
6. ਨਗਰ ਪੰਚਾਇਤ **ਕਸਬੇ** ਵਿੱਚ ਬਣਾਈ ਜਾਂਦੀ ਹੈ।
7. ਸ਼ਹਿਰੀ ਸਥਾਨਕ ਸਰਕਾਰ ਦੇ ਕੰਮਾਂ ਦੀ ਦੇਖ-ਭਾਲ **ਰਾਜ ਸਰਕਾਰ** ਕਰਦੀ ਹੈ।
8. ਨਗਰ-ਪਾਲਿਕਾ/ ਨਗਰ ਨਿਗਮ ਦੀ ਚੋਣ ਲੜਣ ਲਈ ਘੱਟੋ-ਘੱਟ **21** ਸਾਲ ਅਤੇ ਵੋਟ ਪਾਉਣ ਲਈ **18** ਸਾਲ ਦੀ ਉਮਰ ਹੋਣੀ ਚਾਹੀਦੀ ਹੈ।
9. ਪੇਂਡੂ ਤੋਂ ਸ਼ਹਿਰੀ ਖੇਤਰ ਵਿੱਚ ਬਦਲਦੇ ਇਲਾਕੇ ਨੂੰ **ਕਸਬਾ** ਕਿਹਾ ਜਾਂਦਾ ਹੈ।
10. ਸਾਰੀਆਂ ਨਿੱਜੀ ਚੀਜ਼ਾਂ ਸਾਡੀ **ਨਿੱਜੀ ਸੰਪਤੀ** ਹਨ।
11. ਪੁਰਾਣੀਆਂ ਇਤਿਹਾਸਕ ਇਮਾਰਤਾਂ ਨੂੰ **ਸਮਾਰਕ** ਕਿਹਾ ਜਾਂਦਾ ਹੈ।
12. ਸਾਨੂੰ ਸਰਵਸਾਂਝੀ ਜਾਇਦਾਦ ਨੂੰ **ਨੁਕਸਾਨ** ਨਹੀਂ ਪਹੁੰਚਾਉਣਾ ਚਾਹੀਦਾ।

13. ਸਾਰਿਆਂ ਦੀਆਂ ਸਾਂਝੀਆਂ ਚੀਜ਼ਾਂ ਨੂੰ **ਸਰਵਜਨਕ ਸੰਪਤੀ** ਕਿਹਾ ਜਾਂਦਾ ਹੈ।

14. ਪਰਿਵਾਰ ਦੀਆਂ ਸਾਰੀਆਂ ਚੀਜਾਂ **ਪਰਿਵਾਰਕ ਸੰਪਤੀ** ਹਨ।

**ਹੇਠ ਲਿਖੇ ਵਾਕਾਂ ਦੇ ਸਾਹਮਣੇ ਸਹੀ ਗਲਤ ਲਿਖੋ:-**

1. ਅੰਗਰੇਜ਼ੀ ਰਾਜ ਸਮੇਂ ਪਿੰਡਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ। **(ਸਹੀ)**
2. ਗ੍ਰਾਮ ਪੰਚਾਇਤ ਵਿੱਚ ਇਸਤਰੀਆਂ ਲਈ ਸੀਟਾਂ ਰਾਖਵੀਆਂ ਨਹੀਂ ਹੁੰਦੀਆਂ। **(ਗਲਤ)**
3. ਜ਼ਿਲ੍ਹੇ ਦਾ ਪ੍ਰਬੰਧ ਠੀਕ ਤਰ੍ਹਾਂ ਚਲਾਉਣ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹੁੰਦੇ ਹਨ।**(ਸਹੀ)**
4. ਜ਼ਿਲ੍ਹਾ ਪ੍ਰੀਸ਼ਦ ਨੂੰ ਜ਼ਿਲ੍ਹਾ ਪੰਚਾਇਤ ਵੀ ਕਿਹਾ ਜਾਂਦਾ ਹੈ।**(ਸਹੀ)**
5. ਕੋਈ ਵੀ ਵਿਦੇਸ਼ੀ ਨਾਗਰਿਕ ਸਥਾਨਕ ਸਰਕਾਰ ਦੀ ਚੋਣ ਵਿੱਚ ਵੋਟ ਪਾ ਸਕਦਾ ਹੈ। **(ਗਲਤ)**
6. ਸਾਡੇ ਪੰਜਾਬ ਵਿੱਚ ਇਸ ਸਮੇਂ ਨੌਂ ਸ਼ਹਿਰਾਂ ਵਿੱਚ ਨਗਰ ਨਿਗਮ ਹਨ। **(ਗਲਤ)**
7. ਪੰਜਾਬ ਵਿੱਚ ਨਗਰ ਨਿਗਮ ਦੇ ਪ੍ਰਧਾਨ ਨੂੰ 'ਮੇਅਰ' ਕਿਹਾ ਜਾਂਦਾ ਹੈ।**(ਸਹੀ)**
8. ਜ਼ਿਲ੍ਹਾ-ਪ੍ਰਬੰਧਕ, ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਕੰਮ ਕਰਦੇ ਹਨ। **(ਸਹੀ)**
9. ਜ਼ਿਲ੍ਹਾ-ਪ੍ਰਬੰਧ ਦਾ ਮੁੱਖ ਸਰਕਾਰੀ ਅਧਿਕਾਰੀ ਡਿਪਟੀ ਕਮਿਸ਼ਨਰ ਨਹੀਂ ਹੈ। **(ਗਲਤ)**
10. ਪਾਰਕ ਅਤੇ ਹਸਪਤਾਲ ਸਾਡੀ ਨਿੱਜੀ ਜਾਇਦਾਦ ਹਨ। **(ਗਲਤ)**
11. ਸਾਨੂੰ ਰਾਸ਼ਟਰੀ ਜਾਇਦਾਦ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਕਿਉਂਕਿ ਇਹ ਸਾਡੀ ਆਪਣੀ ਹੈ। **(ਸਹੀ)**
12. ਇਤਿਹਾਸਿਕ ਸਮਾਰਕਾਂ ਦੀ ਰੱਖਿਆ 1958 ਵਿੱਚ ਪਾਸ ਕੀਤੇ ਕਾਨੂੰਨ ਰਾਹੀਂ ਕੀਤੀ ਗਈ ਹੈ।**(ਸਹੀ)**
13. ਲੋਕ ਉਪਯੋਗੀ ਸੇਵਾਵਾਂ, ਸਰਕਾਰ ਦੁਆਰਾ, ਲੋਕਾਂ ਦੀਆਂ ਸਹੂਲਤਾਂ ਲਈ ਪ੍ਰਦਾਨ ਕੀਤੀਆਂ ਜਾਂਦੀਆਂ ਹਨ।**(ਸਹੀ)**

**ਇੱਕ ਅੰਕ ਵਾਲੇ ਪ੍ਰਸ਼ਨ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ)**

**1. ਸਮਾਜ ਦੀ ਮੁੱਢਲੀ ਇਕਾਈ ਕਿਹੜੀ ਹੈ?**

ਉੱਤਰ-ਪਰਿਵਾਰ।

**2. ਮਨੁੱਖ ਦਾ ਬਾਕੀ ਸੰਜੀਵਾਂ ਤੋਂ ਕੀ ਅੰਤਰ ਹੈ?**

ਉੱਤਰ-ਮਨੁੱਖ ਬਾਕੀ ਸਾਰੇ ਜੀਵਾਂ ਤੋਂ ਵੱਧ ਅਕਲਮੰਦ ਅਤੇ ਸਮਝਦਾਰੀ ਰੱਖਦਾ ਹੈ। ਦੂਸਰੇ ਜੀਵਾਂ ਕੋਲ ਮਨੁੱਖ ਵਰਗੀ ਸੋਚਣ ਸ਼ਕਤੀ ਨਹੀਂ ਹੈ।

**3. ਭਾਰਤ ਵਿੱਚ ਪਿੰਡਾਂ ਦੀ ਗਿਣਤੀ ਕਿੰਨ੍ਹੀ ਹੈ?**

ਉੱਤਰ- ਭਾਰਤ ਵਿੱਚ ਪਿੰਡਾਂ ਦੀ ਗਿਣਤੀ ਲਗਭਗ 6 ਲੱਖ ਹੈ।

**4. ਪੰਚਾਇਤੀ ਰਾਜ ਦੀ ਮੁੱਢਲੀ ਅਤੇ ਸਿਖਰ ਦੀ ਸੰਸਥਾ ਦਾ ਨਾਮ ਲਿਖੋ ।**

ਉੱਤਰ- ਪੰਚਾਇਤੀ ਰਾਜ ਦੀ ਮੁੱਢਲੀ ਸੰਸਥਾ ਗ੍ਰਾਮ ਪੰਚਾਇਤ ਅਤੇ ਸਿਖਰ ਦੀ ਸੰਸਥਾ ਜ਼ਿਲ੍ਹਾ ਪ੍ਰੀਸ਼ਦ ਹੈ ।

**5. ਪੰਜਾਬ ਵਿੱਚ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਗਿਣਤੀ ਕਿੰਨ੍ਹੀ ਹੁੰਦੀ ਹੈ?**

ਉੱਤਰ- ਪੰਜਾਬ ਵਿੱਚ ਗ੍ਰਾਮ ਪੰਚਾਇਤ ਦੇ ਮੈਂਬਰਾਂ ਦੀ ਘੱਟ ਤੋਂ ਘੱਟ ਪੰਜ ਅਤੇ ਵੱਧ ਤੋਂ ਵੱਧ ਤੇਰਾਂ ਹੋ ਸਕਦੀ ਹੈ।

**6 ਸ਼ਹਿਰੀ ਸਥਾਨਕ ਸੰਸਥਾਵਾਂ ਕਿਹੜੀਆਂ-ਕਿਹੜੀਆਂ ਹਨ?**

ਉੱਤਰ- ਸ਼ਹਿਰੀ ਸਥਾਨਕ ਸਰਕਾਰ ਦੀਆਂ ਤਿੰਨ ਸੰਸਥਾਵਾਂ ਹਨ-

1. ਨਗਰ-ਪੰਚਾਇਤ 2. ਨਗਰ-ਪਾਲਿਕਾ 3. ਨਗਰ-ਨਿਗਮ

**7. ਨਗਰ ਨਿਗਮ ਅਤੇ ਨਗਰਪਾਲਿਕਾ ਦੀ ਚੋਣ ਲੜਨ ਲਈ ਕਿੰਨ੍ਹੀ ਉਮਰ ਹੋਣੀ ਜ਼ਰੂਰੀ ਹੈ ?**

ਉੱਤਰ- ਘੱਟੋ-ਘੱਟ 21 ਸਾਲ

**8. ਨਗਰ ਨਿਗਮ ਦੇ ਚਾਰ ਸਰਕਾਰੀ ਕਰਮਚਾਰੀਆਂ ਦੇ ਨਾਮ ਲਿਖੋ।**

ਉੱਤਰ- 1. ਕਮਿਸ਼ਨਰ 2. ਸਿਹਤ ਅਫ਼ਸਰ 3. ਸਿੱਖਿਆ ਅਫ਼ਸਰ 4. ਲੇਖਾ ਅਫ਼ਸਰ

**9. ਜ਼ਿਲ੍ਹਾ ਪ੍ਰਬੰਧ ਦਾ ਮੁਖੀਆ ਕੌਣ ਹੁੰਦਾ ਹੈ?**

ਉੱਤਰ- ਜ਼ਿਲ੍ਹਾ ਪ੍ਰਬੰਧ ਦਾ ਮੁਖੀਆ ਡਿਪਟੀ ਕਮਿਸ਼ਨਰ ਹੁੰਦਾ ਹੈ ।

**10. ਅਸੀਂ ਆਪਣੀ ਨਿੱਜੀ ਜਾਇਦਾਦ ਨੂੰ ਪਿਆਰ ਕਿਉਂ ਕਰਦੇ ਹਾਂ?**

ਉੱਤਰ-ਕਿਉਂਕਿ ਨਿੱਜੀ ਜਾਇਦਾਦ ਤੇ ਸਾਡਾ ਆਪਣਾ ਧਨ / ਪੈਸਾ ਲੱਗਿਆ ਹੁੰਦਾ ਹੈ ।

**11. ਭਾਰਤ ਦੇ ਤਿੰਨ ਸਮਾਰਕਾਂ ਦੇ ਨਾਂ ਲਿਖੋ।**

ਉੱਤਰ- 1. ਲਾਲ ਕਿਲ੍ਹਾ (ਨਵੀਂ ਦਿੱਲੀ) 2. ਤਾਜ ਮਹਿਲ (ਆਗਰਾ) 3. ਗੋਲ ਗੁਬੰਦ (ਬੀਜਾਪੁਰ, ਕਰਨਾਟਕ)

**12. ਦੋ ਤਰ੍ਹਾਂ ਦੀ ਸਰਵਜਨਕ ਸੰਪਤੀ ਦੇ ਨਾਮ ਦੱਸੋ।**

ਉੱਤਰ-1. ਸਰਵਜਨਕ ਸੰਸਥਾਵਾਂ/ਸੇਵਾਵਾਂ

2. ਇਤਿਹਾਸਕ ਇਮਾਰਤਾਂ

**13. ਸਰਵਜਨਕ ਸੰਪਤੀ ਕੀ ਹੈ? ਇਸਨੂੰ ਸੰਭਾਲਣਾ ਕਿਸਦੀ ਜ਼ਿੰਮੇਵਾਰੀ ਹੈ?**

ਉੱਤਰ-ਸਰਵਜਨਕ ਸੰਪਤੀ ਤੋਂ ਭਾਵ ਸਾਰਿਆਂ ਦੀ ਸਾਂਝੀ ਸੰਪਤੀ ਤੋਂ ਹੈ। ਇਸਨੂੰ ਸੰਭਾਲਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 50 ਸ਼ਬਦਾਂ ਵਿੱਚ ਦਿਓ:-**

**1.ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਉਂ ਕਿਹਾ ਜਾਂਦਾ ਹੈ?**

ਉੱਤਰ- ਮਨੁੱਖ ਸਮਾਜ ਵਿੱਚ ਇੱਕਲਾ ਨਹੀਂ ਰਹਿ ਸਕਦਾ। ਸਾਰੇ ਮਨੁੱਖ ਆਪਣੀਆਂ ਲੋੜਾਂ ਲਈ ਇੱਕ-ਦੂਜੇ ‘ਤੇ ਨਿਰਭਰ ਕਰਦੇ ਹਨ। ਇਸ ਲਈ ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ।

**2. ਜਿਲ੍ਹਾ ਪ੍ਰੀਸ਼ਦ ਦੇ ਕੋਈ ਦੋ ਕੰਮ ਲਿਖੋ ।**

ਉੱਤਰ- 1. ਜ਼ਿਲ੍ਹਾ ਪ੍ਰੀਸ਼ਦ ਪੰਚਾਇਤ ਸੰਮਤੀਆਂ ਨੂੰ ਸਲਾਹ ਦਿੰਦੀ ਹੈ ।

2. ਪੇਂਡੂ ਵਿਕਾਸ ਲਈ ਯੋਜਨਾਵਾਂ ਤਿਆਰ ਕਰਦੀ ਹੈ।

**3. ਨਗਰਪਾਲਿਕਾ/ਨਗਰ ਨਿਗਮ ਦੇ ਕੋਈ ਦੋ ਕੰਮ ਲਿਖੋ ।**

ਉੱਤਰ- 1. ਨਗਰਾਂ ਵਿੱਚ ਪਾਣੀ, ਬਿਜਲੀ, ਸਿਹਤ ਕੇਦਰਾਂ, ਸਫ਼ਾਈ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ।

2. ਸੜਕਾਂ ਅਤੇ ਪੁਲਾਂ ਦੀ ਦੇਖ-ਭਾਲ ਕਰਨ ਦਾ ਕੰਮ ਕਰਨਾ ਅਤੇ ਸ਼ਹਿਰ ਨੂੰ ਸੁੰਦਰ ਬਣਾਉਣਾ।

**4. ਸ਼ਹਿਰੀ ਸਥਾਨਕ ਸਰਕਾਰ ਦੇ ਕੋਈ ਦੋ ਜ਼ਰੂਰੀ ਕੰਮ ਲਿਖੋ ।**

ਉੱਤਰ- 1. ਸ਼ਹਿਰਾਂ ਵਿੱਚ ਬਿਜਲੀ, ਪਾਣੀ, ਸਿਹਤ ਕੇਂਦਰਾਂ ਅਤੇ ਸ਼ਹਿਰ ਦੀ ਸਫਾਈ ਦਾ ਪ੍ਰਬੰਧ ਕਰਨਾ।

2. ਸੜਕਾਂ ਅਤੇ ਪੁਲਾਂ ਦੀ ਦੇਖ-ਭਾਲ, ਮਕਾਨਾਂ ਦੇ ਨਕਸ਼ੇ ਪਾਸ ਕਰਨਾ ਅਤੇ ਨਜਾਇਜ਼ ਕਬਜ਼ੇ ਹਟਾਉਣਾ।

**5. ਸੜਕ ਤੇ ਸਾਈਕਲ ਚਲਾਉਂਦੇ ਸਮੇਂ ਹੈਲਮੇਟ ਕਿਉਂ ਪਾਉਣਾ ਚਾਹੀਦਾ ਹੈ?**

ਉੱਤਰ- ਸਾਈਕਲ ਇੱਕ ਛੋਟਾ ਅਤੇ ਹਲਕਾ ਵਾਹਨ ਹੋਣ ਕਰਕੇ ਇਸਨੂੰ ਚਲਾਉਣ ਵਾਲਿਆਂ ਲਈ ਸੜਕ ਉੱਪਰ ਖਤਰਾ ਹੋ ਸਕਦਾ ਹੈ। ਇਸ ਲਈ ਸੜਕ ‘ਤੇ ਸਾਈਕਲ ਚਲਾਉਂਦੇ ਸਮੇਂ ਦੁਰਘਟਨਾ ਤੋਂ ਬਚਾਓ ਲਈ ਸਾਨੂੰ ਹੈਲਮੇਟ ਪਾਉਣਾ ਚਾਹੀਦਾ ਹੈ।

**6. ਲੋਕ ਸਾਂਝੀ ਸੰਪਤੀ ਦਾ ਦੁਰ-ਉਪਯੋਗ ਕਿਵੇਂ ਕਰਦੇ ਹਨ?**

ਉੱਤਰ- ਲੋਕ ਸਾਂਝੀਆਂ ਥਾਵਾਂ ‘ਤੇ ਗੰਦਗੀ ਖਿਲਾਰ ਕੇ, ਬੱਸਾਂ, ਗੱਡੀਆਂ ਨੂੰ ਨੁਕਸਾਨ ਪਹੁੰਚਾ ਕੇ ਅਤੇ ਸੜਕਾਂ ਦੇ ਕਿਨਾਰੇ ਲੱਗੀਆਂ ਲਾਈਟਾਂ ਤੋੜ ਕੇ ਆਦਿ ਸਾਂਝੀ ਸੰਪਤੀ ਦਾ ਦੁਰਉਪਯੋਗ ਕਰਦੇ ਹਨ।

**7. ਸਕੂਲ ਦੀ ਸੰਪਤੀ ਕਿਸਦੇ ਪੈਸੇ ਤੋਂ ਬਣਾਈ ਜਾਂਦੀ ਹੈ?**

ਉੱਤਰ-ਸਕੂਲ ਦੀ ਸੰਪਤੀ ਸਰਕਾਰ ਦੇ ਪੈਸੇ ਤੋਂ ਬਣਾਈ ਜਾਂਦੀ ਹੈ। ਸਰਕਾਰ ਇਹ ਪੈਸਾ ਸਾਡੇ ਤੋਂ ਟੈਕਸ ਦੇ ਰੂਪ ਵਿੱਚ ਇਕੱਠਾ ਕਰਦੀ ਹੈ । ਇਸ ਤਰ੍ਹਾਂ ਸਕੂਲ ਦੀ ਸੰਪਤੀ ਸਾਡੇ ਆਪਣੇ ਪੈਸੇ ਤੋਂ ਬਣਦੀ ਹੈ ।

**8. ਨਿੱਜੀ ਅਤੇ ਸਰਵਜਨਕ ਸੰਪਤੀ ਵਿੱਚ ਵਿੱਚ ਮੁੱਖ ਅੰਤਰ ਦੱਸੋ।**

ਉੱਤਰ- ਨਿੱਜੀ ਸੰਪਤੀ ‘ਤੇ ਸਿਰਫ਼ ਸਾਡਾ ਆਪਣਾ ਅਧਿਕਾਰ ਹੁੰਦਾ ਹੈ, ਜਦਕਿ ਸਰਵਜਨਕ ਸੰਪਤੀ ਸਭ ਦੀ ਸਾਂਝੀ ਸੰਪਤੀ ਹੁੰਦੀ ਹੈ ।

**ਪੰਜ ਅੰਕਾਂ ਵਾਲੇ ਪ੍ਰਸ਼ਨ (ਪ੍ਰਸ਼ਨਾਂ ਦਾ ਉੱਤਰ 80 ਤੋਂ 100 ਸ਼ਬਦਾਂ ਵਿੱਚ ਦਿਓ)**

**1. ਸਮਾਜ ਮਨੁੱਖ ਲਈ ਕਿਉਂ ਜਰੂਰੀ ਹੈ?**

**ਸਮਾਜ ਮਨੁੱਖ ਲਈ ਕਿਉਂ ਜਰੂਰੀ ਹੈ?**

ਉੱਤਰ- (ੳ) ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਉਹ ਸਮਾਜ ਵਿੱਚ ਰਹਿੰਦਾ ਹੈ।

(ਅ) ਸਮਾਜ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਅਤੇ ਸਿੱਖਿਆ ਦੀ ਪੂਰਤੀ ਕਰਦਾ ਹੈ।

(ੲ) ਆਪਣੀ ਸੁਰੱਖਿਆ ਲਈ ਮਨੁੱਖ ਨੂੰ ਸਮਾਜ ਦੀ ਲੋੜ ਰਹਿੰਦੀ ਹੈ।

(ਸ) ਵੱਖ-ਵੱਖ ਕੰਮਾਂ ਵਿੱਚ ਆਪਸੀ ਸਹਿਯੋਗ ਪ੍ਰਾਪਤ ਕਰਨ ਲਈ ਮਨੁੱਖ ਨੂੰ ਸਮਾਜ ਦੀ ਲੋੜ ਰਹਿੰਦੀ ਹੈ।

**2. ਕੁਦਰਤੀ ਵਾਤਾਵਰਨ ‘ਤੇ ਸੰਖੇਪ ਨੋਟ ਲਿਖੋ।**

ਉੱਤਰ- ਕੁਦਰਤੀ ਵਾਤਾਵਰਨ ਤੋਂ ਭਾਵ ਮਨੁੱਖ ਅਤੇ ਦੂਸਰੇ ਜੀਵਾਂ ਦੇ ਆਲੇ-ਦੁਆਲੇ ਦੇ ਉਸ ਵਾਤਾਵਰਨ ਤੋਂ ਹੈ ਜੋ ਕੁਦਰਤ ਨੇ ਬਣਾਇਆ ਹੈ। ਸ਼ੁਰੂਆਤੀ ਸਮੇਂ ਵਿੱਚ ਮਨੁੱਖ ਪੂਰਨ ਰੂਪ ਵਿੱਚ ਕੁਦਰਤੀ ਸਾਧਨਾਂ ‘ਤੇ ਹੀ ਨਿਰਭਰ ਕਰਦਾ ਸੀ। ਉਹ ਗੁਫ਼ਾਵਾਂ ਵਿੱਚ ਰਹਿੰਦਾ ਸੀ ਅਤੇ ਸ਼ਿਕਾਰ ਕਰਕੇ ਆਪਣਾ ਪੇਟ ਪਾਲਦਾ ਸੀ। ਅੱਗ, ਤਾਂਬਾ, ਕਾਂਸਾ ਅਤੇ ਲੋਹਾ ਆਦਿ ਕੁਦਰਤੀ ਸਾਧਨਾਂ ਦੀ ਖੋਜ ਨੇ ਮਨੁੱਖ ਦੇ ਜੀਵਨ ਦੀ ਗਤੀ ਨੂੰ ਤੇਜ਼ ਕਰ ਦਿੱਤਾ ਹੈ।

**3. ਵਰਤਮਾਨ ਸਮੇਂ ਪਿੰਡਾਂ ਵਿੱਚ ਕਿਹੜੀਆਂ-ਕਿਹੜੀਆਂ ਸਹੂਲਤਾਂ ਉਪਲੱਬਧ ਹਨ?**

ਉੱਤਰ-1.ਪਿੰਡਾਂ ਵਿੱਚ ਸਿੱਖਿਆ ਦੇ ਪ੍ਰਸਾਰ ਲਈ ਸਕੂਲ ਅਤੇ ਕਾਲਜ ਖੋਲ੍ਹੇ ਗਏ ਹਨ।

2. ਖੇਤੀਬਾੜੀ ਦੇ ਵਿਕਾਸ ਲਈ ਸਰਕਾਰ ਵੱਲੋਂ ਵਧੀਆ ਬੀਜ ਅਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ।

3. ਲੋਕਾਂ ਦੀ ਸਿਹਤ ਵਿੱਚ ਸੁਧਾਰ ਲਈ ਮੁੱਢਲੇ ਸਿਹਤ ਕੇਂਦਰ ਖੋਲ੍ਹੇ ਗਏ ਹਨ।

**4. ਪੰਚਾਇਤ ਸੰਮਤੀ ਦਾ ਸਭ ਤੋਂ ਮਹੱਤਵਪੂਰਨ ਕੰਮ ਕਿਹੜਾ ਹੈ?**

ਉੱਤਰ- ਪੰਚਾਇਤ ਸੰਮਤੀ ਦਾ ਸਭ ਤੋਂ ਮਹੱਤਵਪੂਰਨ ਕੰਮ ਗ੍ਰਾਮ ਪੰਚਾਇਤਾਂ ਲਈ ਜ਼ਰੂਰੀ ਨਿਯਮ ਬਣਾਉਣਾ ਹੈ। ਪੰਚਾਇਤ ਸੰਮਤੀ, ਪੰਚਾਇਤ ਦੇ ਵਿਕਾਸ ਲਈ ਹਰ ਤਰ੍ਹਾਂ ਦੇ ਕੰਮ ਕਰਦੀ ਹੈ-

1. ਖੇਤੀ ਦੀ ਉਪਜ ਵਧਾਉਣ ਲਈ ਚੰਗੇ ਬੀਜਾਂ, ਖਾਦ ਅਤੇ ਡੇਅਰੀ ਫਾਰਮਿੰਗ ਦਾ ਪ੍ਰਬੰਧ ਕਰਨਾ।
2. ਛੋਟੇ ਘਰੇਲੂ ਉਦਯੋਗ ਜਿਵੇਂ ਕਿ ਪਸ਼ੂ ਪਾਲਣ, ਮੱਛੀ ਪਾਲਣ ਅਤੇ ਮਿੱਟੀ ਦੇ ਭਾਂਡੇ ਬਣਾਉਣ ਆਦਿ ਨੂੰ ਉਤਸਾਹਿਤ ਕਰਦੀ ਹੈ ।
3. ਪਿੰਡਾਂ ਨੂੰ ਜੋੜਨ ਲਈ ਸੜਕਾਂ ਅਤੇ ਪੁਲੀਆਂ ਆਦਿ ਵੀ ਬਣਵਾਉਂਦੀ ਹੈ।
4. ਪੀਣ ਵਾਲੇ ਪਾਣੀ ਅਤੇ ਸਿਹਤ ਕੇਂਦਰ ਦਾ ਪ੍ਰਬੰਧ ਕਰਦੀ ਹੈ।
5. ਪੰਚਾਇਤ ਸੰਮਤੀ ਆਪਣੇ ਖੇਤਰ ਵਿੱਚ ਪੈਂਦੀਆਂ ਪੰਚਾਇਤਾਂ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ।

**5. ਸ਼ਹਿਰੀ ਸਥਾਨਕ ਸਰਕਾਰ ਦੀ ਆਮਦਨ ਦੇ ਕੋਈ ਚਾਰ ਸਾਧਨ ਦੱਸੋ।**

ਉੱਤਰ-1. ਕਰ: ਚੁੰਗੀ ਕਰ, ਜਾਇਦਾਦ ਕਰ , ਮਨੋਰੰਜਨ ਕਰ।

2. ਫ਼ੀਸ: ਘਰਾਂ ਦੇ ਨਕਸ਼ੇ ਪਾਸ ਕਰਨ ਤੋਂ ਫ਼ੀਸ, ਟਾਂਗੇ, ਰਿਕਸ਼ੇ, ਠੇਲਿਆਂ ਆਦਿ ਤੋਂ ਫ਼ੀਸ।

3. ਜ਼ੁਰਮਾਨੇ: ਨਗਰ ਨਿਗਮ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਤੋਂ ਜ਼ੁਰਮਾਨਾ।

4. ਸਰਕਾਰੀ ਗ੍ਰਾਂਟ ਅਤੇ ਕਰਜ਼ੇ: ਸਰਕਾਰ ਵੱਲੋਂ ਪ੍ਰਾਪਤ ਗ੍ਰਾਂਟ/ਸਹਾਇਤਾ।

**6.ਆਜ਼ਾਦੀ ਪਿੱਛੋਂ ਹੋਏ ਸ਼ਹਿਰੀ ਵਿਕਾਸ ਬਾਰੇ ਸੰਖੇਪ ਨੋਟ ਲਿਖੋ ।**

ਉੱਤਰ- ਅਜ਼ਾਦੀ ਤੋਂ ਬਾਅਦ ਬਹੁਤ ਸਾਰੇ ਪਿੰਡਾਂ ਨੇ ਕਸਬਿਆਂ ਦਾ ਰੂਪ ਧਾਰ ਲਿਆ ਅਤੇ ਫਿਰ ਹੌਲੀ-ਹੌਲੀ ਸ਼ਹਿਰੀਕਰਨ ਹੋਇਆ। ਸ਼ਹਿਰਾਂ ਵਿੱਚ ਵੱਡੇ-ਵੱਡੇ ਕਾਰਖਾਨੇ ਸਥਾਪਿਤ ਕੀਤੇ ਗਏ। ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਲੋਕ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵਿੱਚ ਚਲੇ ਗਏ। ਆਵਾਜਾਈ ਅਤੇ ਅਤੇ ਸੰਚਾਰ ਦੇ ਸਾਧਨ ਵਿਕਸਿਤ ਹੋਏ।

**7. ਸਕੂਲ ਦੀ ਸੰਪਤੀ ਪ੍ਰਤੀ ਸਾਡੀ ਕੀ ਜ਼ਿੰਮੇਵਾਰੀ ਹੈ?**

ਉੱਤਰ- 1. ਸਾਨੂੰ ਸਕੂਲ ਦੀ ਇਮਾਰਤ ਅਤੇ ਫ਼ਰਨੀਚਰ ਆਦਿ ਖ਼ਰਾਬ ਨਹੀਂ ਕਰਨਾ ਚਾਹੀਦਾ।

2. ਸਾਨੂੰ ਸਕੂਲ ਵਿੱਚ ਸਫ਼ਾਈ ਰੱਖਣੀ ਚਾਹੀਦੀ ਹੈ।

3. ਸਾਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ, ਖੇਡਾਂ ਦਾ ਸਮਾਨ ਅਤੇ ਪੀਣ ਦੇ ਪਾਣੀ ਨੂੰ ਸਹੀ ਢੰਗ ਨਾਲ ਵਰਤਨਾ ਚਾਹੀਦਾ ਹੈ।

**8. ਤੁਸੀਂ ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ ਕੀ ਮਦਦ ਕਰ ਸਕਦੇ ਹੋ?**

ਉੱਤਰ- 1. ਸਾਨੂੰ ਇਤਿਹਾਸਕ ਇਮਾਰਤਾਂ ‘ਤੇ ਲਾਈਨਾਂ ਮਾਰ ਕੇ ਜਾਂ ਆਪਣਾ ਨਾਮ ਲਿਖ ਕੇ ਖਰਾਬ ਨਹੀਂ ਕਰਨਾ ਚਾਹੀਦਾ।

2. ਸਾਨੂੰ ਇਹਨਾਂ ਦੇ ਆਸ-ਪਾਸ ਗੰਦਗੀ ਨਹੀਂ ਖ਼ਿਲਾਰਨੀ ਚਾਹੀਦੀ।

3. ਸਾਨੂੰ ਇਹਨਾਂ ਸਥਾਨਾਂ ‘ਤੇ ਹੁੰਦੀ ਚੋਰੀ ਨੂੰ ਰੋਕਣਾ ਚਾਹੀਦਾ ਹੈ।

# ਸਰੋਤ ਅਧਾਰਿਤ ਪ੍ਰਸ਼ਨ 2025-26 (ਅਭਿਆਸ)

**1**. ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖ ਆਪਣੇ ਸੁਭਾਅ ਕਾਰਨ ਅਤੇ ਆਪਣੀਆਂ ਲੋੜਾਂ ਕਾਰਨ ਸਮਾਜ ਵਿੱਚ ਰਹਿਣਾ ਪਸੰਦ ਕਰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਕਈ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਘਰ, ਸਕੂਲ, ਦਫ਼ਤਰ, ਖੇਡ ਕਲੱਬ, ਸੱਭਿਆਚਾਰਕ ਕੇਂਦਰ, ਬੱਸ ਸਟੈਂਡ, ਰੇਲਵੇ ਸਟੇਸ਼ਨ ਆਦਿ ਥਾਵਾਂ ਤੇ ਵਿਚਰਦੇ ਹੋਏ ਮਨੁੱਖ ਨੂੰ ਕੁੱਝ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਨਿਯਮਾਂ ਦਾ ਪਾਲਣ ਕਰਦੇ ਹੋਏ ਹੀ ਮਨੁੱਖ ਦਾ ਵਿਕਾਸ ਹੋ ਸਕਦਾ ਹੈ ਅਤੇ ਸਮਾਜ ਸੁਚਾਰੂ ਰੂਪ ਵਿੱਚ ਚੱਲਦਾ ਹੈ। ਅਨੁਸ਼ਾਸ਼ਨ ਵਿੱਚ ਰਹਿ ਕੇ ਅਤੇ ਨਿਯਮਾਂ ਦੀ ਪਾਲਣਾ ਕਰਕੇ ਹੀ ਸੱਭਿਆਚਾਰਕ ਸਮਾਜ ਦੀ ਹੋਂਦ ਕਾਇਮ ਰਹਿ ਸਕਦੀ ਹੈ। ਜਿਵੇਂ ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਿਵਾਰ ਨੂੰ ਚਲਾਉਣ ਲਈ ਵੀ ਨਿਯਮ ਤੈਅ ਕੀਤੇ ਜਾਂਦੇ ਹਨ। ਪਰਿਵਾਰ ਦਾ ਇੱਕ ਮੁਖੀ ਹੁੰਦਾ ਹੈ ਜੋ ਪਰਿਵਾਰ ਦੇ ਮੈਂਬਰਾਂ ਵਿੱਚ ਕੰਮ ਦੀ ਵੰਡ ਕਰਦਾ ਹੈ। ਪਰਿਵਾਰ ਦੇ ਮੈਂਬਰਾਂ ਨੂੰ ਮੁਖੀ ਦਾ ਕਹਿਣਾ ਮੰਨਣਾ ਹੀ ਹੁੰਦਾ ਹੈ। ਜੇਕਰ ਪਰਿਵਾਰ ਦੇ ਮੈਂਬਰ ਆਪ ਹੁਦਰੇ ਢੰਗ ਨਾਲ ਜੀਵਨ ਬਤੀਤ ਕਰਦੇ ਹਨ ਤਾਂ ਪਰਿਵਾਰ ਖੇਰੂ-ਖੇਰੂ ਹੋ ਜਾਂਦਾ ਹੈ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਮਨੁੱਖ ਸਮਾਜ ਵਿੱਚ ਰਹਿਣਾ ਕਿਉਂ ਪਸੰਦ ਕਰਦਾ ਹੈ?(2)
2. ਸੱਭਿਆਚਾਰਕ ਸਮਾਜ ਦੀ ਹੋਂਦ ਕਿਵੇਂ ਕਾਇਮ ਰਹਿ ਸਕਦੀ ਹੈ? (2)
3. ਓਪਰੋਕਤ ਪੈਰੇ ਅਨੁਸਾਰ ਅਸੀਂ ਕਿੱਥੇ-ਕਿੱਥੇ ਨਿਯਮਾਂ ਦਾ ਪਾਲਣ ਕਰਦੇ ਹਾਂ? (2)

**2**. ਲੋਕ ਨਰਮਦਾ ਨਦੀ ਦੇ ਕੰਢੇ ਉੱਪਰ ਕਈ ਲੱਖ ਸਾਲਾਂ ਤੋਂ ਰਹਿ ਰਹੇ ਹਨ। ਇੱਥੇ ਰਹਿਣ ਵਾਲੇ ਲੋਕਾਂ ਨੂੰ ਭੋਜਨ ਸੰਗ੍ਰਿਹਕ ਕਿਹਾ ਜਾਂਦਾ ਸੀ, ਯਾਨੀ ਕਿ ਇਹ ਲੋਕ ਆਪਣਾ ਭੋਜਨ ਆਪ ਇਕੱਠਾ ਕਰਦੇ ਸਨ। ਇਹ ਲੋਕ ਆਲੇ-ਦੁਆਲੇ ਦੇ ਜੰਗਲਾਂ ਅਤੇ ਪੌਦਿਆਂ ਦੀ ਵਿਸ਼ਾਲਤਾ ਅਤੇ ਮਹੱਤਤਾ ਨੂੰ ਜਾਣਦੇ ਸਨ ਅਤੇ ਆਪਣੇ ਭੋਜਨ ਲਈ ਜੜ੍ਹਾਂ,ਫ਼ਲ ਅਤੇ ਹੋਰ ਜੰਗਲੀ ਉਪਜਾਂ ਨੂੰ ਇਕੱਠਾ ਕਰਦੇ ਸਨ। ਉਹ ਜਾਨਵਰਾਂ ਦਾ ਸ਼ਿਕਾਰ ਵੀ ਕਰਦੇ ਸਨ। ਲਗਭਗ ਇੱਥੇ **8000** ਸਾਲ ਪਹਿਲਾਂ, ਔਰਤਾਂ ਅਤੇ ਮਰਦਾਂ ਨੇ ਕੁਝ ਖੇਤਰ ਵਿੱਚ ਕਣਕ ਵਰਗੀਆਂ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਸਨ । ਲੋਕਾਂ ਨੇ ਭੇਡਾਂ ਅਤੇ ਬੱਕਰੀਆਂ ਵਰਗੇ ਪਸ਼ੂ ਵੀ ਪਾਲਣੇ ਸ਼ੁਰੂ ਕਰ ਦਿੱਤੇ ਸਨ। ਪਿੰਡਾਂ ਵਿੱਚ ਰਹਿਣ ਨਾਲ ਖੇਤੀਬਾੜੀ ਦਾ ਵਿਕਾਸ ਹੋਣਾ ਸ਼ੁਰੂ ਹੋਇਆ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਲੋਕਾਂ ਨੂੰ ਭੋਜਨ ਸੰਗਿਹਕ ਕਿਉਂ ਕਿਹਾ ਜਾਂਦਾ ਸੀ? (2)
2. ਪਿੰਡਾਂ ਵਿੱਚ ਲੋਕਾਂ ਦੇ ਰਹਿਣ ਨਾਲ ਕਿਸ ਖੇਤਰ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ? (2)
3. ਕਿੰਨੇ ਸਾਲ ਪਹਿਲਾਂ ਲੋਕਾਂ ਨੇ ਕਣਕ ਉਗਾਉਣੀ ਸ਼ੁਰੂ ਕਰ ਦਿੱਤੀ ਸੀ? (2)

3. ਭਾਰਤ ਇੱਕ ਲੋਕਤੰਤਰੀ ਦੇਸ਼ ਹੈ। ਭਾਰਤ ਦੀ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਸਰਕਾਰ ਲੋਕਾਂ ਪ੍ਰਤੀ ਉੱਤਰਦਾਈ ਹੈ। ਸੰਵਿਧਾਨ ਦੇ ਨਿਰਮਾਤਾ ਭਾਰਤ ਵਿੱਚ ਨਾ ਕੇਵਲ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਸਗੋਂ ਆਰਥਿਕ ਤੇ ਸਮਾਜਿਕ ਲੋਕਤੰਤਰ ਦੀ ਸਥਾਪਨਾ ਵੀ ਕਰਨਾ ਚਾਹੁੰਦੇ ਸਨ। ਇਸ ਕਰਕੇ ਭਾਰਤੀ ਸੰਵਿਧਾਨ ਵਿੱਚ ਆਰਥਿਕ ਤੇ ਸਮਾਜਿਕ ਨਿਆਂ ਦੇਣ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ ਜਿਵੇਂ ਸਮਾਨਤਾ ਦਾ ਅਧਿਕਾਰ ਵਿੱਚ ਸਾਰੇ ਵਿਅਕਤੀ ਕਾਨੂੰਨ ਦੇ ਸਾਹਮਣੇ ਸਮਾਨ ਮੰਨੇ ਜਾਂਦੇ ਹਨ| ਹਰ ਇੱਕ ਲਈ ਵਿਕਾਸ ਕਰਨ ਦੇ ਸਮਾਨ ਅਵਸਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਦੇਸ਼ ਦੇ ਪੱਛੜੇ ਤੇ ਗਰੀਬ ਵਰਗ ਦੇ ਲੋਕਾਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ ਤਾਂ ਕਿ ਉਹ ਵੀ ਸਮਾਜ ਦੇ ਦੂਜੇ ਵਰਗਾਂ ਦੇ ਸਮਾਨ ਆਪਣਾ ਜੀਵਨ ਬਤੀਤ ਕਰ ਸਕਣ। ਭਾਰਤ ਦੇ ਲੋਕਾਂ ਨੂੰ ਵਿਚਾਰ ਪ੍ਰਗਟਾਉਣ, ਸੰਘ ਬਣਾਉਣ, ਆਪਣੇ ਨੇਤਾਵਾਂ ਦੀ ਚੋਣ ਕਰਨ, ਇਕੱਠੇ ਹੋਣ, ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰਨ ਦੀ, ਵਿਸ਼ਵਾਸ ਤੇ ਉਪਾਸ਼ਨਾ ਦੀ ਆਜ਼ਾਦੀ ਮਿਲੀ ਹੋਈ ਹੈ। ਜੋ ਕਿ ਲੋਕਤੰਤਰੀ ਦੇਸ਼ ਦੇ ਮੁੱਖ ਤੱਤ ਹਨ।

**ਓਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਦੇਸ਼ ਦੇ ਕਿਹੜੇ ਵਰਗ ਦੇ ਲੋਕਾਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ? (2)
2. ਲੋਕਤੰਤਰੀ ਦੇਸ਼ ਦੇ ਮੁੱਖ ਤੱਤ ਕਿਹੜੇ ਹਨ? (2)
3. ਸਮਾਨਤਾ ਦੇ ਅਧਿਕਾਰ ਤੋਂ ਕੀ ਭਾਵ ਹੈ? (2)

**4.** ਮੱਧ-ਪੱਥਰ ਕਾਲ ਵਿੱਚ ਆਦਿ ਮਾਨਵ ਆਪਣੇ ਅਨੁਭਵਾਂ ਅਤੇ ਖੋਜਾਂ ਦੇ ਆਧਾਰ ‘ਤੇ ਪ੍ਰਗਤੀ ਦੀਆਂ ਪੌੜੀਆਂ ਚੜ੍ਹਦਾ ਚਲਾ ਗਿਆ। ਉਸ ਨੇ ਆਪਣੇ ਔਜ਼ਾਰਾਂ ਨੂੰ ਚੀਕਣਾ ਅਤੇ ਤੇਜ਼ ਧਾਰਦਾਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਦੇ ਔਜ਼ਾਰ ਲੱਕੜੀ ਕੱਟਣ ਅਤੇ ਸ਼ਿਕਾਰ ਕਰਨ ਵਿੱਚ ਬੜੇ ਸਹਾਇਕ ਸਿੱਧ ਹੋਏ। ਮੱਧ-ਪੱਥਰ ਕਾਲ ਵਿੱਚ ਮਨੁੱਖ ਦੇ ਸਮੁਦਾਇਕ ਜੀਵਨ ਆਰੰਭ ਹੋ ਗਿਆ ਸੀ। ਹੁਣ ਉਸ ਨੇ ਇਕ ਹੀ ਥਾਂ ਤੇ ਝੌਂਪੜੀਆਂ ਬਣਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਸੀ। ਪਰਿਵਾਰਕ ਬਣਨ ‘ਤੇ ਝਗੜੇ ਨਿਪਟਾਉਣ ਲਈ ਮੁਖੀ ਦੀ ਚੋਣ ਹੋਈ। ਮੱਧ ਪੱਥਰ ਕਾਲ ਤਕ ਆਉਂਦੇ-ਆਉਂਦੇ ਆਦਿ-ਮਾਨਵ ਦਾ ਜੀਵਨ ਪਹਿਲਾਂ ਤੋਂ ਸੁਖੀ ਅਤੇ ਸਥਾਈ ਹੋਣ ਲੱਗਾ ਸੀ। ਹੌਲੀ-ਹੌਲੀ ਉਹ ਔਜ਼ਾਰ ਬਣਾਉਣ ਵਿੱਚ ਲੱਕੜੀ, ਹਾਥੀ ਦੰਦ ਅਤੇ ਹੱਡੀਆਂ ਦਾ ਇਸਤੇਮਾਲ ਵੀ ਕਰਨ ਲੱਗਾ ਸੀ। ਸ਼ਹਿਦ, ਬੀਜ, ਗਿਰੀਆਂ ਅਤੇ ਮੱਛੀਆਂ ਵੀ ਹੁਣ ਉਸ ਦੇ ਭੋਜਨ ਦਾ ਅੰਗ ਬਣ ਗਏ ਸੀ। ਉਹ ਆਤਮ ਰੱਖਿਆ ਅਤੇ ਭੋਜਨ ਪ੍ਰਾਪਤ ਕਰਨ ਲਈ ਸਮੂਹ ਵਿੱਚ ਰਹਿ ਕੇ ਸਹਿਯੋਗ ਕਰਨਾ ਸਿੱਖ ਗਿਆ ਸੀ।

**ਉਪਰੋਕਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਆਦਿ-ਮਾਨਵ ਔਜ਼ਾਰਾਂ ਦੀ ਵਰਤੋਂ ਕਿਸ-ਕਿਸ ਕੰਮ ਲਈ ਕਰਦਾ ਸੀ? (2)
2. ਆਦਿ-ਮਾਨਵ ਨੇ ਸਮੂਹਾਂ ਵਿੱਚ ਰਹਿਣਾ ਕਿਉਂ ਸ਼ੁਰੂ ਕੀਤਾ ਸੀ? (2)
3. ਆਦਿ-ਮਾਨਵ ਦੇ ਭੋਜਨ ਵਿੱਚ ਕੀ ਸ਼ਾਮਿਲ ਸੀ? (2)

5. ਲੋਕਤੰਤਰ ਲੋਕਾਂ ਦੀ ਆਪਣੀ ਸਰਕਾਰ ਹੁੰਦੀ ਹੈ। ਇਬਰਾਹਿਮ ਲਿੰਕਨ ਦੇ ਸ਼ਬਦਾਂ ਵਿੱਚ,”ਲੋਕਤੰਤਰੀ ਸਰਕਾਰ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਹੁੰਦੀ ਹੈ”। ਲੋਕਤੰਤਰ ਦਾ ਆਰੰਭ ਯੂਨਾਨ ਦੇ ਸ਼ਹਿਰ ਏਥਨਜ਼ ਵਿੱਚ ਹੋਇਆ। ਆਧੁਨਿਕ ਯੁੱਗ ਵਿੱਚ ਲੋਕਤੰਤਰੀ ਸਰਕਾਰ ਨੂੰ ਸਭ ਤੋਂ ਵਧੀਆ ਮੰਨਿਆ ਜਾਂਦਾ ਹੈ। ਲੋਕਤੰਤਰੀ ਸਰਕਾਰ ਦਾ ਇੱਕ ਮੂਲ ਆਧਾਰ ‘ਲੋਕ ਇੱਛਾ’ ਹੈ ਜਿਸ ਦੇ ਆਧਾਰ ‘ਤੇ ਸਰਕਾਰ ਚਲਾਈ ਜਾਂਦੀ ਹੈ। ਵਰਤਮਾਨ ਸਮੇਂ ਵਿੱਚ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਲੋਕਤੰਤਰੀ ਸ਼ਾਸਨ ਪ੍ਰਣਾਲੀ ਨੂੰ ਅਪਣਾਇਆ ਹੈ। ਲੋਕਤੰਤਰ ਦੀ ਸਫ਼ਲਤਾ ਲਈ ਹਰੇਕ ਨਾਗਰਿਕ ਸਮਝਦਾਰ, ਸੂਝਵਾਨ, ਚੇਤੰਨ ਬੁੱਧੀ ਵਾਲਾ, ਪੜ੍ਹਿਆ –ਲਿਖਿਆ, ਵਿਵੇਕਸ਼ੀਲ, ਜ਼ਿੰਮੇਵਾਰ ਅਤੇ ਜਨਤਕ ਮਾਮਲਿਆਂ ਵਿੱਚ ਦਿਲਚਸਪੀ ਰੱਖਣ ਵਾਲਾ ਹੋਣਾ ਚਾਹੀਦਾ ਹੈ। ਲੋਕਤੰਤਰੀ ਸਰਕਾਰ ਉਹ ਸਰਕਾਰ ਹੈ ਜਿਸ ਵਿੱਚ ਸਰਬ-ਵਿਆਪਕ ਬਾਲਗ ਮੱਤ ਅਧਿਕਾਰ ਬਿਨਾਂ ਕਿਸੇ ਵਿਤਕਰੇ ਦੇ ਸਾਰੇ ਬਾਲਗਾਂ ਨੂੰ ਮਿਲਦਾ ਹੈ ਅਤੇ ਲੋਕ ਹਰ ਪੱਖੋਂ ਸੁਤੰਤਰ ਹੁੰਦੇ ਹਨ। ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ ਲੋਕਤੰਤਰੀ ਸਰਕਾਰ ਦੇ ਮੁੱਖ ਬੁਨਿਆਦੀ ਸਿਧਾਂਤ ਹਨ।

**ਉਪਰੋਕਤ ਪੈਰੇ ਨੂੰ ਪੜਨ ਉਪਰੰਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

1. ਆਧੁਨਿਕ ਸਮੇਂ ਵਿੱਚ ਕਿਹੜੀ ਸਰਕਾਰ ਨੂੰ ਸਭ ਤੋਂ ਵਧੀਆ ਸਰਕਾਰ ਮੰਨਿਆ ਜਾਂਦਾ ਹੈ? (2)
2. ਲੋਕਤੰਤਰ ਦੀ ਸਫ਼ਲਤਾ ਲਈ ਨਾਗਰਿਕਾਂ ਵਿੱਚ ਕਿਹੜੀਆਂ-ਕਿਹੜੀਆਂ ਵਿਸ਼ੇਸਤਾਵਾਂ ਹੋਣੀਆਂ ਚਾਹੀਦੀਆਂ ਹਨ? (2)
3. ਲੋਕਤੰਤਰੀ ਸਰਕਾਰ ਦੇ ਮੁੱਖ ਬੁਨਿਆਦੀ ਸਿਧਾਂਤ ਕਿਹੜੇ ਹਨ? (2)

**ਨਕਸ਼ਿਆਂ ਦੇ ਅਭਿਆਸ ਲਈ ਇਸ QR Code ਨੂੰ Scan ਕਰੋ।**

MGSS6

**ਯੋਗਦਾਨ: ਹਰਦਵਿੰਦਰ ਸਿੰਘ (ਲੈਕ. ਅੰਗਰੇਜ਼ੀ) SOE for Girls ਸ੍ਰੀ ਚਮਕੌਰ ਸਾਹਿਬ, ਰੂਪਨਗਰ**
**ਰਣਜੀਤ ਕੌਰ (ਲੈਕ. ਇਤਿਹਾਸ) ਸ.ਸ.ਸ.ਸਕੂਲ ਛੀਨਾ ਬੇਟ, ਗੁਰਦਾਸਪੁਰ ਅਤੇ**
**ਅਨੂ ਗਰਗ (ਸ.ਸ.ਮਿਸਟ੍ਰੈਸ) ਸ.ਕੰ.ਸ.ਸ.ਸਕੂਲ ਵਿਕਟੋਰੀਆ, ਪਟਿਆਲਾ।**